ਸੂਚਨਾ

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)
ਮੋ: 86995-69067

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

ਆਜ਼ਾਦ ਸੋਚ ™

www.facebook.com/Azadsoch
www.youtube.com/AzadSoch

Postal No. PB/PTA/ (055) 2023-25
R.N.I N O. 61549/92
Website : www.azadsoch.in
Mail Us at : azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 33 | ਅੰਕ (Vol.) 101 | ਮੁੱਲ (Rate) 2.00 ਰੁਪਏ | ਸੰਗਰੂਰ ਤੋਂ ਪ੍ਰਕਾਸ਼ਿਤ Tuesday 16 April, 2024 | ਮੰਗਲਵਾਰ 16 ਅਪ੍ਰੈਲ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ

ਆਮ ਆਦਮੀ ਪਾਰਟੀ ਇਕਜੁੱਟ ਹੈ ਅਤੇ ਚੱਟਾਨ ਵਾਂਗ ਕੇਜਰੀਵਾਲ ਨਾਲ ਖੜੀ ਹੈ : ਸੀਐਮ ਮਾਨ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ, 15 ਅਪ੍ਰੈਲ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਰਾਸ਼ਟਰੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਨੇ ਸੋਮਵਾਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਜੇਲ 'ਚ ਮੁਲਾਕਾਤ ਕੀਤੀ। ਉਨ੍ਹਾਂ ਦੀ ਮੁਲਾਕਾਤ ਕਰੀਬ 30 ਮਿੰਟ ਤੱਕ ਚੱਲੀ। ਇਸ ਦੌਰਾਨ ਜੇਲ 'ਚ ਅਰਵਿੰਦ ਕੇਜਰੀਵਾਲ ਨਾਲ ਹੋਈ ਬਦਸਲੂਕੀ ਨੂੰ ਦੇਖ ਕੇ ਭਗਵੰਤ ਮਾਨ ਭਾਵੁਕ ਹੋ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਜੇਲ੍ਹ 'ਚ ਅੱਤਵਾਦੀ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਸਾਨੂੰ ਸ਼ੀਸ਼ੇ ਰਾਹੀਂ ਫੋਨ 'ਤੇ ਗੱਲ ਕਰਨ ਲਈ ਬਠਾਇਆ ਗਿਆ ਸੀ, ਸ਼ੀਸ਼ਾ ਵੀ ਬਹੁਤ ਗੰਦਾ ਸੀ, ਅਸੀਂ ਇੱਕ ਦੂਜੇ ਦੇ ਚਿਹਰੇ ਵੀ ਸਾਫ ਨਹੀਂ ਦੇਖ ਸਕੇ। ਅਰਵਿੰਦ ਕੇਜਰੀਵਾਲ ਦਾ ਕਸੂਰ ਸਿਰਫ ਇਹ ਹੈ ਕਿ ਉਨਾਂ ਨੇ ਸਕੂਲ ਅਤੇ ਹਸਪਤਾਲ ਬਣਾਏ ਅਤੇ ਲੋਕਾਂ ਲਈ ਬਿਜਲੀ ਅਤੇ ਪਾਣੀ ਮੁਫਤ ਕੀਤਾ। ਇਸੇ ਕਰਕੇ ਉਨ੍ਹਾਂ ਨੂੰ ਉਹ ਸਹੂਲਤਾਂ ਵੀ ਨਹੀਂ ਮਿਲ ਰਹੀਆਂ ਜੋ ਗੰਭੀਰ ਅਪਰਾਧੀਆਂ ਨੂੰ ਮਿਲਦੀਆਂ ਹਨ। ਇਸ ਦੇ ਨਾਲ ਹੀ ਡਾ ਸੰਦੀਪ ਪਾਠਕ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਹਰ ਸਮੇਂ ਦਿੱਲੀ ਅਤੇ ਪੰਜਾਬ ਦੇ ਲੋਕਾਂ ਦੇ ਸੁੱਖ-ਦੁੱਖ ਬਾਰੇ ਪੁੱਛਦੇ ਹਨ। ਉਨ੍ਹਾਂ ਸਵਾਲ ਕੀਤਾ ਕਿ ਕੀ ਲੋਕਾਂ ਨੂੰ ਮੁਫ਼ਤ ਬਿਜਲੀ, ਪਾਣੀ, ਇਲਾਜ ਅਤੇ ਔਰਤਾਂ ਲਈ ਮੁਫਤ ਬੱਸ ਸੇਵਾ ਦੀ ਸਹੂਲਤ ਮਿਲ ਰਹੀ ਹੈ ਜਾਂ ਨਹੀਂ। ਅਗਲੇ ਹਫ਼ਤੇ ਤੋਂ ਉਹ ਦੋ ਮੰਤਰੀਆਂ ਨੂੰ ਜੇਲ੍ਹ ਬੁਲਾ ਕੇ ਉਨ੍ਹਾਂ ਦੇ ਵਿਭਾਗਾਂ ਦਾ ਜਾਇਜ਼ਾ ਲੈਣਗੇ।

ਸੋਮਵਾਰ ਨੂੰ ਜੇਲ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਦੇ ਸੀਐਮ ਭਗਵੰਤ ਮਾਨ ਨੇ ਕਿਹਾ ਕਿ ਸਾਡੀ ਅੱਧਾ ਘੰਟਾ ਮੁਲਾਕਾਤ ਹੋਈ। ਸਾਨੂੰ 12 ਤੋਂ 12:30 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਸੀ। ਜਿਵੇਂ ਹੀ ਮੈਂ ਉਨ੍ਹਾਂ ਨੂੰ ਮਿਲਿਆ, ਮੈਨੂੰ ਇਹ ਦੇਖ ਕੇ ਬਹੁਤ ਦੁੱਖ ਹੋਇਆ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਹ ਸਹੂਲਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਜੋ ਕਿ ਭੈੜੇ ਅਪਰਾਧੀਆਂ ਨੂੰ ਦਿੱਤੀਆਂ ਜਾਂਦੀਆਂ ਹਨ। ਅਰਵਿੰਦ ਕੇਜਰੀਵਾਲ ਦਾ ਕੀ ਕਸੂਰ ? ਉਨਾਂ ਦਾ ਕਸੂਰ ਸਿਰਫ ਇਹ ਹੈ ਕਿ ਉਨਾਂ ਨੇ ਲੋਕਾਂ ਲਈ ਹਸਪਤਾਲ, ਮੁਹੱਲਾ ਕਲੀਨਿਕ ਅਤੇ ਸਕੂਲ ਬਣਾਏ। ਬਿਜਲੀ ਅਤੇ ਪਾਣੀ ਸਾਰਿਆਂ ਲਈ ਮੁਫਤ ਕੀਤਾ। ਤੁਸੀਂ ਉਨਾਂ ਦੇ ਨਾਲ ਅਜਿਹਾ ਸਲੂਕ ਕਰ ਰਹੇ ਹੋ ਜਿਵੇਂ ਤੁਸੀਂ ਕਿਸੇ ਵੱਡੇ ਅੱਤਵਾਦੀ ਨੂੰ ਫੜ ਲਿਆ ਹੋਵੇ।

ਸੀਐਮ ਭਗਵੰਤ ਮਾਨ ਨੇ ਕਿਹਾ ਕਿ ਜੇਲ ਮੈਨੂਅਲ ਦੇ ਨਿਯਮਾਂ ਅਨੁਸਾਰ ਜੇਲ ਵਿਚ ਦੋਸ਼ੀ ਦਾ ਆਚਰਣ ਚੰਗਾ ਹੋਵੇ ਤਾਂ ਉਸ ਨੂੰ ਆਹਮੋ-ਸਾਹਮਣੇ ਮਿਲਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਜਦੋਂ ਪੀ. ਚਿਦੰਬਰਮ ਜੇਲ੍ਹ ਵਿੱਚ ਸਨ ਅਤੇ ਸੋਨੀਆ ਗਾਂਧੀ ਉਨ੍ਹਾਂ ਨੂੰ ਮਿਲਣ ਆਉਂਦੀ ਸੀ ਤਾਂ ਉਨ੍ਹਾਂ ਨੂੰ ਇੱਕ ਕਮਰੇ ਵਿੱਚ ਆਹਮੋ-ਸਾਹਮਣੇ ਬਿਠਾਇਆ ਜਾਂਦਾ ਸੀ। ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਆਹਮੋ-ਸਾਹਮਣੇ ਪੇਸ਼ ਕੀਤਾ ਗਿਆ। ਪਰ ਅੱਜ ਫੋਨ ਰਾਹੀਂ ਮੁਲਾਕਾਤ ਦਾ ਇੰਤਜ਼ਾਮ ਕੀਤਾ ਗਿਆ ਸੀ ਜਿਵੇਂ ਕੋਈ ਵੱਡਾ ਅਪਰਾਧੀ ਸਾਹਮਣੇ ਬੈਠਾ ਹੋਵੇ। ਉਹ ਨਹੀਂ ਜਾਣਦੇ ਕਿ ਸਾਡੇ ਨਾਲ ਇੰਨੀ ਦੁਸ਼ਮਣੀ ਕਿਉਂ ਹੈ ਕਿ ਸਾਡੇ ਨਾਲ ਅੱਤਵਾਦੀਆਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨਾਲ ਅਜਿਹਾ ਸਲੂਕ ਕਿਉਂ ? ਵਿਰੋਧੀ ਧਿਰ ਨਾਲ ਅਜਿਹਾ ਵਤੀਰਾ ਉਨ੍ਹਾਂ ਨੂੰ ਮਹਿੰਗਾ ਪਵੇਗਾ। ਅਰਵਿੰਦ ਕੇਜਰੀਵਾਲ ਇੱਕ ਪੱਕੇ ਇਮਾਨਦਾਰ ਵਿਅਕਤੀ ਹਨ, ਜਿਨ੍ਹਾਂ ਨੇ ਪਾਰਦਰਸ਼ਤਾ ਦੀ ਰਾਜਨੀਤੀ ਸ਼ੁਰੂ ਕੀਤੀ ਅਤੇ ਭਾਜਪਾ ਦੀ ਰਾਜਨੀਤੀ ਨੂੰ ਖਤਮ ਕੀਤਾ। ਅੱਜ ਉਸ ਨਾਲ ਅਜਿਹਾ ਵਿਵਹਾਰ ਦੇਖ ਕੇ ਬਹੁਤ ਦੁੱਖ ਹੋਇਆ।

ਭਗਵੰਤ ਮਾਨ ਨੇ ਦੱਸਿਆ ਕਿ ਜਦੋਂ ਮੈਂ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਦਾ ਹਾਲ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਮੇਰੀ ਚਿੰਤਾ ਨਾ ਕਰੋ, ਦੱਸੋ ਪੰਜਾਬ ਦਾ ਹਾਲ ਕੀ ਹੈ ? ਪੰਜਾਬ ਵਿੱਚ ਚੰਗੇ ਸਕੂਲ ਬਣ ਰਹੇ ਹਨ, ਮੰਡੀਆਂ ਵਿੱਚ ਕਣਕ ਦੀ ਫ਼ਸਲ ਚੁੱਕਣ ਦਾ ਪ੍ਰਬੰਧ ਕੀਤਾ ਗਿਆ ਹੈ, ਉੱਥੇ ਆਮ ਆਦਮੀ ਕਲੀਨਿਕ ਵਧੀਆ ਚੱਲ ਰਹੇ ਹਨ, ਲੋਕਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ, ਕਿਉਂਕਿ ਅਸੀਂ ਨਾਮ ਦੀ ਨਹੀਂ ਕੰਮ ਦੀ ਰਾਜਨੀਤੀ ਕਰਦੇ ਹਾਂ। ਮੈਂ ਉਨਾਂ ਨੂੰ ਕਿਹਾ ਕਿ ਪੰਜਾਬ 'ਚ ਸਭ ਕੁੱਝ ਚੰਗਾ ਚੱਲ ਰਿਹਾ ਹੈ। ਮੈਂ ਵੀ ਅਸਾਮ ਜਾ ਕੇ ਆਇਆ ਹਾਂ ਅਤੇ ਮੰਗਲਵਾਰ ਨੂੰ ਗੁਜਰਾਤ ਜਾਵਾਂਗਾ। ਦਿੱਲੀ ਵਿੱਚ ਵੀ ਪ੍ਰਚਾਰ ਕਰਾਂਗਾ, ਅਤੇ ਕੁਰੂਕਸ਼ੇਤਰ ਵਿਚ ਜਾ ਕੇ ਵੀ ਪ੍ਰਚਾਰ ਕੀਤਾ ਹੈ। ਆਮ ਆਦਮੀ ਪਾਰਟੀ ਇੱਕ ਸੋਚ ਦਾ ਨਾਮ ਹੈ। ਅਰਵਿੰਦ ਕੇਜਰੀਵਾਲ ਇਸੇ ਸੋਚ ਦਾ ਨਾਂ ਹੈ। ਤੁਸੀਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦੇ ਹੋ, ਪਰ ਤੁਸੀਂ ਉਸਦੀ ਸੋਚ ਨੂੰ ਕਿਵੇਂ ਗ੍ਰਿਫਤਾਰ ਕਰੋਗੇ ?

ਸੀਐਮ ਭਗਵੰਤ ਮਾਨ ਨੇ ਮੀਡੀਆ ਦੇ ਇਸ ਦੋਸ਼ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਕਿ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਜਾਣ ਤੋਂ ਬਾਅਦ ਆਮ ਆਦਮੀ ਪਾਰਟੀ ਵਿੱਚ ਭਗਦੜ ਮੱਚ ਗਈ ਹੈ ਅਤੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਇੱਕ ਅਨੁਸ਼ਾਸਿਤ ਧੜਾ ਹੈ। ਆਮ ਆਦਮੀ ਪਾਰਟੀ ਬਹੁਤ ਹੀ ਅਨੁਸ਼ਾਸਿਤ ਪਾਰਟੀ ਹੈ। ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਨਾਲ ਇਕਜੁੱਟ ਹੈ। ਅਸੀਂ ਸਾਰੇ ਅਰਵਿੰਦ ਕੇਜਰੀਵਾਲ ਦੇ ਨਾਲ ਚੱਟਾਨ ਵਾਂਗ ਖੜੇ ਹਾਂ। ਅਰਵਿੰਦ ਕੇਜਰੀਵਾਲ ਜਲਦੀ ਹੀ ਜੇਲ੍ਹ ਤੋਂ ਬਾਹਰ ਆਉਣਗੇ। 4 ਜੂਨ ਨੂੰ ਜਦੋਂ ਲੋਕ ਸਭਾ ਚੋਣਾਂ ਦੇ ਨਤੀਜੇ ਆਉਣਗੇ ਤਾਂ ਆਮ ਆਦਮੀ ਪਾਰਟੀ ਬਹੁਤ ਵੱਡੀ ਪਾਰਟੀ ਬਣ ਕੇ ਉਭਰੇਗੀ। ਇਸ ਦੇ ਨਾਲ ਹੀ ਸੀਐਮ ਅਰਵਿੰਦ ਕੇਜਰੀਵਾਲ ਨੇ ਸੰਗਠਨ ਨੂੰ ਵਧੀਆ ਤਰੀਕੇ ਨਾਲ ਚਲਾਉਣ ਲਈ ਸੰਦੀਪ ਪਾਠਕ ਦੀ ਤਾਰੀਫ਼ ਕੀਤੀ। ਇਸ ਤੋਂ ਇਲਾਵਾ ਅਰਵਿੰਦ ਕੇਜਰੀਵਾਲ ਨੇ ਮੈਨੂੰ ਇਸ ਲਈ ਡਿਊਟੀ 'ਤੇ ਲਗਾਇਆ ਹੈ ਕਿ ਮੈਨੂੰ ਲੋਕ ਸਭਾ ਚੋਣ ਦੇ ਪ੍ਰਚਾਰ ਲਈ ਥਾਂ-ਥਾਂ ਜਾਣਾ ਪਵੇਗਾ। ਜੇਕਰ ਮੈਨੂੰ ਭਾਰਤ ਗਠਜੋੜ ਨਾਲ ਸੰਬੰਧਿਤ ਪਾਰਟੀਆਂ ਲਈ ਪ੍ਰਚਾਰ ਕਰਨ ਲਈ ਕਿਸੇ ਵੀ ਰਾਜ ਵਿੱਚ ਜਾਣਾ ਪੈਂਦਾ ਹੈ, ਤਾਂ ਮੈਂ ਜਾਵਾਂਗਾ। ਕੁੱਲ ਮਿਲਾ ਕੇ ਅਰਵਿੰਦ ਕੇਜਰੀਵਾਲ ਨੂੰ ਦੇਸ਼ ਅਤੇ ਸੰਵਿਧਾਨ ਦੀ ਚਿੰਤਾ ਸੀ, ਜੇਕਰ ਸੰਵਿਧਾਨ ਬਚੇਗਾ ਤਾਂ ਹੀ ਪਾਰਟੀ ਬਚੇਗੀ।

21 ਸੇਵਾਮੁਕਤ ਜੱਜਾਂ ਵੱਲੋਂ ਚੀਫ਼ ਜਸਟਿਸ ਨੂੰ ਪੱਤਰ ਲਿਖ ਕੇ ਨਿਆਂਪਾਲਿਕਾ ਨੂੰ ਬਦਨਾਮ ਕਰਨ ਦੇ ਦੋਸ਼ ਲਾਏ ਜਾਣ ਦੇ ਸਵਾਲ 'ਤੇ ਸੀ.ਐਮ.ਭਗਵੰਤ ਮਾਨ ਨੇ ਕਿਹਾ ਕਿ ਜੇਕਰ ਅੱਜ ਦੇਸ਼ ਦੇ ਹਾਲਾਤ ਬਾਰੇ ਕਿਸੇ ਨੂੰ ਪੁੱਛੋ ਤਾਂ ਉਹ ਕਹੇਗਾ ਕਿ ਅਰਵਿੰਦ ਕੇਜਰੀਵਾਲ ਨੂੰ ਉਹਨਾਂ ਨੇ ਗਲਤ ਜੇਲ੍ਹ ਵਿਚ ਰੱਖਿਆ ਹੈ । ਉਹ ਚਾਹੁੰਦੇ ਹਨ ਕਿ ਦੇਸ਼ ਵਿੱਚ ਕੋਈ ਵਿਰੋਧੀ ਧਿਰ ਨਾ ਹੋਵੇ। ਸਿਰਫ਼ ਸਾਨੂੰ ਚੋਣ ਲੜਨੀ ਚਾਹੀਦੀ ਹੈ ਅਤੇ ਜਿੱਤਣੀ ਚਾਹੀਦੀ ਹੈ। ਫਿਰ ਦੇਸ਼ ਵਿੱਚ ਲੋਕਤੰਤਰ ਕਿੱਥੇ ਰਹਿ ਗਿਆ ਹੈ ? ਇਹ ਤਾਨਾਸ਼ਾਹੀ ਬਣ ਗਿਆ ਹੈ। ਅਸੀਂ ਦੇਸ਼ ਭਗਤ ਲੋਕ ਹਾਂ। ਅਸੀਂ ਦੇਸ਼ ਲਈ ਲੜਾਂਗੇ। ਉਨ੍ਹਾਂ ਨੇ ਸਾਨੂੰ ਸੰਦੇਸ਼ ਦਿੱਤਾ ਕਿ ਬਾਹਰ ਜਾ ਕੇ ਸਾਰੇ ਵਰਕਰਾਂ, ਵਿਧਾਇਕਾਂ ਅਤੇ ਮੰਤਰੀਆਂ ਕਹੋ ਕਿ ਉਹ ਮੇਰੀ ਚਿੰਤਾ ਨਾ ਕਰਨ, ਜਨਤਾ ਦੀ ਚਿੰਤਾ ਕਰਨ। ਉਨ੍ਹਾਂ (ਬਾਕੀ ਸਫ਼ਾ 2 'ਤੇ)

'ਇਕ ਰਾਸ਼ਟਰ, ਇਕ ਚੋਣ' ਸਾਡੀ ਸਰਕਾਰ ਦੀ ਵਚਨਬੱਧਤਾ ਹੈ : ਪੀਐਮ ਮੋਦੀ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ, 15 ਅਪ੍ਰੈਲ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਕ ਦੇਸ਼, ਇਕ ਚੋਣ ਨੂੰ ਲਾਗੂ ਕਰਨਾ ਉਨ੍ਹਾਂ ਦੀ ਪਾਰਟੀ ਦੇ ਚੋਣ ਮਨੋਰਥ ਪੱਤਰ ਦਾ ਮੁੱਖ ਵਾਅਦਾ ਰਿਹਾ ਹੈ। ਇਸ ਲਈ ਇਸ ਨੂੰ ਲਾਗੂ ਕਰਨਾ ਉਨ੍ਹਾਂ ਦੀ ਸਰਕਾਰ ਦੀ ਵਚਨਬੱਧਤਾ ਹੈ। ਉਨ੍ਹਾਂ ਕਿਹਾ ਕਿ ਇੱਕ ਦੇਸ਼, ਇੱਕ ਚੋਣ ਲਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਿੱਚ ਇੱਕ ਕਮੇਟੀ ਵੀ ਬਣਾਈ ਗਈ ਸੀ। ਇਸ ਸਬੰਧੀ ਦੇਸ਼ ਭਰ ਤੋਂ ਕਈ ਸਕਾਰਾਤਮਕ ਅਤੇ ਉਸਾਰੂ ਸੁਝਾਅ ਆਏ ਹਨ।

ਨਿਊਜ਼ ਏਜੰਸੀ ਏਐਨਆਈ ਨੂੰ ਦਿੱਤੇ ਇੰਟਰਵਿਊ ਵਿੱਚ ਪੀਐਮ ਮੋਦੀ ਨੇ ਕਿਹਾ ਕਿ ਅਸੀਂ ਸੰਸਦ ਵਿੱਚ ਵਨ ਨੇਸ਼ਨ ਵਨ ਇਲੈਕਸ਼ਨ ਦੇ ਮੁੱਦੇ 'ਤੇ ਵੀ ਚਰਚਾ ਕੀਤੀ ਹੈ। ਇਸ ਵਿਸ਼ੇ 'ਤੇ ਬਣੀ ਕਮੇਟੀ ਨੇ ਵੀ ਆਪਣੀ ਰਿਪੋਰਟ ਦਾਖਲ ਕਰ ਦਿੱਤੀ ਹੈ। ਦੇਸ਼ ਦੇ ਕਈ ਲੋਕ ਇਸ ਮੁੱਦੇ 'ਤੇ ਅੱਗੇ ਆਏ ਅਤੇ ਆਪਣੇ ਸੁਝਾਅ ਦਿੱਤੇ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਇਨ੍ਹਾਂ ਸੁਝਾਵਾਂ ਨੂੰ ਲਾਗੂ ਕਰਦੇ ਹਾਂ ਤਾਂ ਦੇਸ਼ ਨੂੰ ਬਹੁਤ ਫਾਇਦਾ ਹੋਵੇਗਾ।

ਤੁਹਾਨੂੰ ਦੱਸ ਦੇਈਏ ਕਿ ਐਤਵਾਰ ਨੂੰ ਭਾਜਪਾ ਵੱਲੋਂ ਜਾਰੀ ਕੀਤੇ ਗਏ ਚੋਣ ਮੈਨੀਫੈਸਟੋ ਵਿੱਚ ਇੱਕ ਦੇਸ਼, ਇੱਕ ਚੋਣ ਨੂੰ ਪ੍ਰਮੁੱਖਤਾ ਨਾਲ ਸ਼ਾਮਿਲ ਕੀਤਾ ਗਿਆ ਹੈ। ਭਾਜਪਾ ਦਾ ਸੰਕਲਪ ਪੱਤਰ 14 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਪ੍ਰਧਾਨ ਜਗਤ ਪ੍ਰਕਾਸ਼ ਨੱਡਾ, ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਰਾਜਨਾਥ ਸਿੰਘ ਅਤੇ ਕਨਵੀਨਰ ਨਿਰਮਲਾ ਸੀਤਾਰਮਨ ਨੇ ਜਾਰੀ ਕੀਤਾ ਸੀ। ਭਾਜਪਾ ਦੇ ਚੋਣ ਮਨੋਰਥ ਪੱਤਰ ਵਿੱਚ ਆਮ ਵੋਟਰ ਸੂਚੀ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਨਰਿੰਦਰ ਮੋਦੀ ਨੇ ਕਿਹਾ ਕਿ ਅਸੀਂ ਇਸ ਮੁੱਦੇ 'ਤੇ ਇਕ ਉੱਚ ਪੱਧਰੀ ਕਮੇਟੀ ਬਣਾਈ ਹੈ, ਜਿਸ ਨੇ ਦੇਸ਼ 'ਚ ਇੱਕੋ ਸਮੇਂ ਚੋਣਾਂ ਕਰਵਾਉਣ ਨਾਲ ਜੁੜੇ ਸਾਰੇ ਮੁੱਦਿਆਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਹੈ। ਦੇਸ਼ ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਸਮੇਂ ਕਰਵਾਉਣ ਦੇ ਹਰ ਪਹਿਲੂ ਦਾ ਅਧਿਐਨ ਕੀਤਾ ਗਿਆ ਹੈ।

ਕੇਂਦਰ ਨੇ ਪਿਛਲੇ ਸਾਲ 2 ਸਤੰਬਰ 2023 ਨੂੰ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਨੇ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨਾਲ 191 ਦਿਨਾਂ ਦੀ ਗੱਲਬਾਤ ਤੋਂ ਬਾਅਦ ਇਸ ਸਬੰਧੀ 18,626 ਪੰਨਿਆਂ ਦੀ ਰਿਪੋਰਟ ਤਿਆਰ ਕੀਤੀ ਹੈ। ਇਹ ਰਿਪੋਰਟ ਪਿਛਲੇ ਮਹੀਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਸੌਂਪੀ ਗਈ ਸੀ।

ਪੀਐਮ ਨੇ 'ਚੋਣਾਂ 'ਚ ਲੈਵਲ ਪਲੇਇੰਗ ਨਹੀਂ' ਦੇ ਦੋਸ਼ਾਂ ਨੂੰ ਕੀਤਾ ਖਾਰਜ, ਕਿਹਾ,'ਵਿਰੋਧੀ ਬਹਾਨੇ ਬਣਾ ਰਹੇ ਹਨ'

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ 2024 ਵਿੱਚ ਵਿਰੋਧੀ ਪਾਰਟੀਆਂ ਵੱਲੋਂ 'ਲੈਵਲ ਪਲੇਅ' ਨਾ ਹੋਣ ਦੇ ਦੋਸ਼ ਪੂਰੀ ਤਰ੍ਹਾਂ ਬਕਵਾਸ ਹਨ। ਇਸ ਸਬੰਧੀ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਕਾਰਜਕਾਲ ਤੋਂ ਪਹਿਲਾਂ ਕਈ ਸੰਸਥਾਵਾਂ ਨਾਲ ਸਬੰਧਤ ਕਾਨੂੰਨ ਬਣਾਏ ਗਏ ਸਨ। ਹੁਣ ਵਿਰੋਧੀ ਧਿਰ ਆਪਣੀ ਸੰਭਾਵਿਤ ਹਾਰ ਨੂੰ ਦੇਖਦਿਆਂ ਬਹਾਨੇ ਬਣਾਉਣ ਲੱਗ ਪਈ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਦੁਰਵਰਤੋਂ ਦੇ ਦੋਸ਼ਾਂ 'ਤੇ ਉਨ੍ਹਾਂ ਕਿਹਾ ਕਿ ਸਿਰਫ ਤਿੰਨ ਫੀਸਦੀ ਮਾਮਲੇ ਸਿਆਸੀ ਲੋਕਾਂ ਖਿਲਾਫ ਹਨ। ਇੰਨਾ ਹੀ ਨਹੀਂ ਪਿਛਲੇ 10 ਸਾਲਾਂ 'ਚ ਏਜੰਸੀਆਂ ਨੇ ਵੱਡੀ ਮਾਤਰਾ 'ਚ ਨਕਦੀ ਜ਼ਬਤ ਕੀਤੀ ਹੈ। ਇਸ ਤੋਂ ਪਹਿਲਾਂ ਕਦੇ ਵੀ ਇੰਨੀ ਨਕਦੀ ਜ਼ਬਤ ਨਹੀਂ ਕੀਤੀ ਗਈ ਸੀ।

ਨਿਊਜ਼ ਏਜੰਸੀ ਏਐਨਆਈ ਨੂੰ ਦਿੱਤੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਪੀਐਮ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਇਨ੍ਹਾਂ ਏਜੰਸੀਆਂ ਨਾਲ ਸਬੰਧਤ ਕੋਈ ਕਾਨੂੰਨ ਨਹੀਂ ਬਣਾਇਆ ਹੈ। ਚਾਹੇ ਉਹ ਈਡੀ ਹੋਵੇ, ਸੀਬੀਆਈ ਹੋਵੇ ਜਾਂ ਚੋਣ ਕਮਿਸ਼

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਲੋੜਵੰਦ ਵਿਧਵਾਵਾਂ ਤੇ ਅਪਹਾਜ਼ਾ ਨੂੰ ਵੰਡੇ ਮਹੀਨਾਂ ਵਾਰੀ ਪੈਨਸ਼ਨ ਦੇ ਚੈਕ

ਟਰੱਸਟਦ ਦੇ ਚੇਅਰਮੈਨ ਡਾ. ਐਸ.ਪੀ ਸਿੱਘ ਉਬਰਾਏ ਨੂੰ ਬਰਨਾਲਾ ਟੀਮ ਨੇ ਦਿੱਤੀ ਜਨਮ ਦਿਨ ਦੀ ਵਧਾਈ: ਇੰਜ ਸਿੱਧੂ

ਆਜ਼ਾਦ ਸੋਚ
ਸੁਖਰਾਜ ਸਿੰਘ/ਨਵੀਂ ਦਿੱਲੀ, 15 ਅਪ੍ਰੈਲ

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਕਾਰਕੁਨਾਂ ਨੇ ਅੱਜ ਬਰਨਾਲਾ ਦੇ ਗੁਰੂ ਘਰ ਬੀਬੀ ਪ੍ਰਧਾਨ ਕੌਰ ਜੀ ਵਿੱਖੇ ਦੋ ਸੌ ਦੇ ਕਰੀਬ ਗਰੀਬ ਲੋੜਵੰਦ ਵਿਧਵਾਵਾਂ ਅਤੇ ਅਪਹਾਜ਼ਾ ਨੂੰ ਟਰੱਸਟ ਵੱਲੋਂ ਮਹੀਨਾਂ ਵਾਰੀ ਪੈਨਸ਼ਨ ਦੇ ਚੈਕ ਵੱਡੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਪ੍ਰਧਾਨ ਇੰਜ. ਗੁਰਜਿੱਦਰ ਸਿੱਘ ਸਿੱਧੂ ਨੇ ਦਸਿਆ ਕਿ ਸੱਭ ਤੋਂ ਪਹਿਲਾਂ ਜਿਲ੍ਹਾ ਪ੍ਰਧਾਨ ਇੰਜ. ਸਿੱਧੂ, ਸਮੂਹ ਮੈਬਰਾਂ ਅਤੇ ਪੈਨਸ਼ਨ ਲੈਣ ਵਾਲੇ ਲਾਭਪਾਤਰੀਆਂ ਨੇ ਟਰੱਸਟ ਦੇ ਚੇਅਰਮੈਨ ਡਾਕਟਰ ਸੁਰਿੱਦਰ ਪਾਲ ਸਿੱਘ ਉਬਰਾਏ ਨੂੰ ਉਹਨਾਂ ਦੇ 69ਵੇਂ ਜਨਮ ਦਿਨ ਦੀ ਨਿੱਘੀ ਵਧਾਈ ਦਿੱਤੀ ਅਤੇ ਉਹਨਾਂ ਦੀ ਲੱਬੀ ਉਮਰ ਅਤੇ ਤੱਦਰੁਸਤ ਜੀਵਨ ਲਈ ਕਾਮਨਾ ਕੀਤੀ, ਤਾਕਿ ਉਹ ਲੱਬੇ ਸਮੇਂ ਲਈ ਮਨੁੱਖਤਾ ਦੀ ਸੇਵਾ ਇਸੇ ਤਰ੍ਹਾਂ ਕਰਦੇ ਰਹਿਣ। ਇੰਜ. ਸਿੱਧੂ ਨੇ ਦੱਸਿਆ ਕਿ ਸੱਸਥਾ ਵੱਲੋਂ ਜਿਲ੍ਹਾ ਬਰਨਾਲਾ ਅੱਦਰ ਵੱਖ-ਵੱਖ ਸਕੂਲਾਂ ਅਤੇ ਜੇਲ੍ਹਾਂ ਅੱਦਰ ਵੀ ਹੈਵੀ ਡਿਊਟੀ ਵਾਟਰ ਫਿਲਟਰ ਲਗਾਏ ਜਾਣਗੇ। ਇਸ ਮੌਕੇ ਵੀਨੂੰ ਬਾਂਸਲ ਨੇ ਆਪਣੇ ਘਰ ਪੁੱਤਰ ਦੀ ਦਾਤ ਮਿਲਣ ਦੀ ਖ਼ੁਸ਼ੀ ਵਿੱਚ ਲਾਭਪਾਤਰੀਆਂ ਨੂੰ ਲੱਡੂ ਵੱਡੇ। ਇਸ ਮੌਕੇ ਵਾਰੱਟ ਅਫ਼ਸਰ ਬਲਵਿੱਦਰ ਸਿੱਘ ਢੀਂਡਸਾ, ਅਵਤਾਰ ਸਿੱਘ ਭੂਰੇ, ਸੂਬੇਦਾਰ ਗੁਰਜੱਟ ਸਿੱਘ, ਜਥੇਦਾਰ ਗੁਰਮੀਤ ਸਿੱਘ ਧੌਲਾ, ਕੁਲਵਿੱਦਰ ਸਿੱਘ ਕਾਲਾ, ਗੁਰਜੱਟ ਸਿੱਘ ਸੋਨਾ, ਜੱਥੇਦਾਰ ਸੁਖਦਰਸ਼ਨ ਸਿੱਘ, ਬਸੱਤ ਸਿੱਘ ਉਗੋ, ਗੁਰਦੇਵ ਸਿੱਘ ਮੱਕੜ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੱਸਥਾ ਦੇ ਮੈਂਬਰ ਮੌਜੂਦ ਸਨ।

ਸੁਨੀਲ ਜਾਖੜ ਨੇ ਭਾਜਪਾ ਸੰਕਲਪ ਪੱਤਰ ਨੂੰ ਪੂਰੀ ਤਰ੍ਹਾਂ ਵਿਕਸਤ ਅਤੇ ਲਚਕੀਲੇ ਭਾਰਤ ਦੀ ਗਰੰਟੀ ਦੇਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਬਲੂਪ੍ਰਿੰਟ ਦੱਸਿਆ

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ,15 ਅਪ੍ਰੈਲ

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ (ਬਿਨਾ ਵੱਡੇ-ਛੋਟੇ ਦਾ ਭੇਦ ਕੀਤੇ) ਭ੍ਰਿਸ਼ਟ ਲੋਕਾਂ ਦੇ ਖਿਲਾਫ ਕਾਰਵਾਈ ਕਰਨ ਦਾ ਇਰਾਦਾ ਉਨ੍ਹਾਂ ਨੂੰ ਸਭ ਤੋਂ ਵੱਧ ਪ੍ਰਸ਼ੰਸਾਯੋਗ ਨੇਤਾ ਬਣਾਉਂਦਾ ਹੈ। ਜੇਲ 'ਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਭ੍ਰਿਸ਼ਟ ਕੰਮਾਂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਾਕਾਮੀ ਨੂੰ ਰੇਖਾਂਕਿਤ ਕਰਦਿਆਂ ਉਨ੍ਹਾਂ ਇਹ ਸਪੱਸ਼ਟ ਤੌਰ @ਤੇ ਕਿਹਾ ਕਿ ਪੰਜਾਬ ਦੇ ਕਿਸੇ ਵੀ ਮੁੱਦੇ @ਤੇ ਕੋਈ ਵੀ ਨਿਆਂ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੁਆਰਾ ਦਰਸਾਏ ਫਲਸਫੇ ਦੇ ਪੂਰੀ ਤਰ੍ਹਾਂ ਉਲਟ ਹੈ, ਜਿਨ੍ਹਾਂ ਦੀ ਆਮ ਆਦਮੀ ਪਾਰਟੀ ਦੇ ਨੇਤਾ ਸਿਆਸੀ ਅੰਕ ਹਾਸਲ ਕਰਨ ਲਈ ਜਨਤਕ ਤੌਰ 'ਤੇ ਪੂਜਾ ਕਰਦੇ ਹਨ।

ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਕੇਜਰੀਵਾਲ ਨੂੰ ਪ੍ਰੋਡਕਸ਼ਨ ਵਾਰੰਟ @ਤੇ ਪੰਜਾਬ ਕਿਉਂ ਨਹੀਂ ਲਿਆਉਂਦੀ ਅਤੇ ਫਿਰ ਮੁੱਖ ਮੰਤਰੀ ਜਦੋਂ ਚਾਹੁਣ ਆਪਣੇ ਸੁਪਰੀਮੋ ਨੂੰ ਮਿਲ ਸਕਦੇ ਹਨ। ਇਸ ਤਰ੍ਹਾਂ ਘੱਟੋ-ਘੱਟ ਪੰਜਾਬ ਦਾ ਮੁੱਖ ਮੰਤਰੀ ਪੰਜਾਬ 'ਚ ਹੀ ਰਹੇਗਾ ਅਤੇ ਪ੍ਰਸ਼ਾਸਨ 'ਚ ਸੁਧਾਰ ਹੋ ਸਕਦਾ ਹੈ।

ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਦਾ ਸੰਕਲਪ ਭਾਜਪਾ ਦੇ ਚੋਣ ਮਨੋਰਥ ਪੱਤਰ ਵਿੱਚ ਸਪੱਸ਼ਟ ਹੈ। ਜਾਖੜ ਨੇ ਕਿਹਾ ਕਿ ਮੈਨੀਫੈਸਟੋ ਪ੍ਰਧਾਨ ਮੰਤਰੀ ਦੀ ਨਿੱਜੀ ਗਾਰੰਟੀ ਹੈ ਜੋ ਕਿ 140 ਕਰੋੜ ਭਾਰਤੀਆਂ ਲਈ ਭਰੋਸੇ ਅਤੇ ਭਰੋਸੇਯੋਗਤਾ ਦੀ ਸੰਸਥਾ ਬਣ ਗਿਆ ਹੈ, ਜਾਖੜ ਨੇ ਕਿਹਾ ਕਿ ਮੈਨੀਫੈਸਟੋ ਦਾ ਮੂਲ ਵਿਸ਼ਾ ਰਾਸ਼ਟਰ ਨਿਰਮਾਣ ਲਈ ਹਰੇਕ ਭਾਰਤੀ ਦੀ ਸਮਰੱਥਾ ਨੂੰ ਵਿਕਸਤ

ਕਰਨਾ ਅਤੇ ਉਸ ਦਾ ਉਪਯੋਗ ਕਰਨਾ ਹੈ।

ਆਰਥਿਕ ਵਿਕਾਸ ਦੇ ਮੁੱਖ ਖੇਤਰਾਂ ਵਿੱਚ ਭਾਰਤ ਨੂੰ ਆਤਮ-ਨਿਰਭਰ ਬਣਾਉਣ ਦੀ ਪ੍ਰਧਾਨ ਮੰਤਰੀ ਦੀ ਗਰੰਟੀ ਦਾ ਹਵਾਲਾ ਦਿੰਦੇ ਹੋਏ ਜਾਖੜ ਨੇ ਕਿਹਾ ਕਿ ਭਾਜਪਾ ਨੂੰ ਦੂਜੀਆਂ ਪਾਰਟੀਆਂ ਤੋਂ ਵੱਖਰਾ ਕਰਨ ਵਾਲੀ ਗੱਲ ਇਹ ਹੈ ਕਿ ਇਸ ਦੀਆਂ ਸਾਰੀਆਂ ਯੋਜਨਾਵਾਂ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਲਾਗੂ ਕਰਨਾ ਹੈ। ਲੋਕਾਂ ਨੂੰ ਵਾਧੂ ਬਿਜਲੀ ਪੈਦਾ ਕਰਨ ਅਤੇ ਵੇਚਣ ਦੀ ਸਹੂਲਤ ਦੇਣ ਲਈ ਸੋਲਰ ਪੈਨਲ ਲਗਾਉਣ ਦੀ ਵਿਵਸਥਾ ਦਾ ਜ਼ਿਕਰ ਕਰਦਿਆਂ ਜਾਖੜ ਨੇ ਕਿਹਾ ਕਿ ਭਾਜਪਾ ਸਿਰਫ਼ ਪੈਸੇ ਵੰਡਣ ਵਿੱਚ ਵਿਸ਼ਵਾਸ ਨਹੀਂ ਰੱਖਦੀ। ਉਨ੍ਹਾਂ ਕਿਹਾ ਕਿ ਇਹ ਗਾਰੰਟੀ ਨਾ ਸਿਰਫ਼ ਸਰਕਾਰੀ ਖ਼ਜ਼ਾਨੇ @ਤੇ ਕੋਈ ਬੋਝ ਨਹੀਂ ਪਵੇਗੀ ਸਗੋਂ ਨਾਗਰਿਕਾਂ ਲਈ ਆਮਦਨ ਵਧਾਉਣ ਲਈ ਵੀ ਪ੍ਰੋਤਸਾਹਨ ਵਜੋਂ ਕੰਮ ਕਰੇਗੀ।

ਜਾਖੜ ਨੇ ਕਿਹਾ, @ਆਪ@ ਨੇ ਪੰਜਾਬ ਦੇ ਲੋਕਾਂ ਨਾਲ ਮੁਫਤ ਬਿਜਲੀ ਅਤੇ ਜ਼ੀਰੋ ਬਿੱਲ ਦੇਣ ਦਾ ਵਾਅਦਾ ਕੀਤਾ ਸੀ, ਜਦਕਿ ਇਸ ਨੂੰ ਪੂਰਾ ਕਰਨ ਲਈ ਕੋਈ ਵਿਵਸਥਾ ਨਹੀਂ ਕੀਤੀ ਅਤੇ ਇਸ ਖਾਲੀ ਵਾਅਦੇ ਦਾ ਕੀ ਹੋਇਆ ਸਭ ਨੂੰ ਪਤਾ ਹੈ।

ਭਾਰਤ ਨੂੰ 5 ਟ੍ਰਿਲੀਅਨ ਡਾਲਰ ਦੀ ਅਰਥਵਿਵਸਥਾ ਬਣਾਉਣ @ਤੇ ਜਾਖੜ ਨੇ ਕਿਹਾ ਕਿ ਭਾਰਤ ਦੀ ਵਧਦੀ ਆਰਥਿਕ ਤਾਕਤ ਅੱਜ ਵਿਸ਼ਵ ਪੱਧਰ @ਤੇ ਗੂੰਜ ਰਹੀ ਹੈ ਅਤੇ ਪ੍ਰਮੁੱਖ ਦੇਸ਼ਾਂ ਦੇ ਨੇਤਾ ਅੰਤਰਰਾਸ਼ਟਰੀ ਮੁੱਦਿਆਂ ਦੇ ਹੱਲ ਲਈ ਭਾਰਤ ਦੀ ਵਿਚੋਲਗੀ ਵੱਲ ਦੇਖ ਰਹੇ ਹਨ, ਜਾਖੜ ਨੇ ਅੱਗੇ ਕਿਹਾ ਕਿ ਇਹ ਸਭ ਕੁਝ ਸਰਕਾਰ ਵੱਲੋਂ ਲਏ ਗਏ ਸਖ਼ਤ ਫੈਸਲਿਆਂ ਕਾਰਨ ਸੰਭਵ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ।

ਪੰਜਾਬ ਨੂੰ ਰਾਸ਼ਟਰੀ ਵਿਕਾਸ ਵਿੱਚ ਆਪਣਾ ਪ੍ਰਮੁੱਖ ਸਥਾਨ ਹਾਸਲ ਕਰਨ ਨੂੰ ਯਕੀਨੀ ਬਣਾਉਣ ਲਈ ਭਾਜਪਾ ਦੇ ਸੰਕਲਪ @ਤੇ ਜ਼ੋਰ ਦਿੰਦੇ ਹੋਏ ਜਾਖੜ ਨੇ ਕਿਹਾ ਕਿ ਉਹ ਸੂਚੀ ਵਿੱਚ ਇੱਕ ਹੋਰ ਗਾਰੰਟੀ ਸ਼ਾਮਲ ਕਰਨਗੇ। ਜਾਖੜ ਨੇ ਕਿਹਾ, ÷ਪਾਰਟੀ ਦੇ ਨੁਮਾਇੰਦੇ ਵਜੋਂ, ਮੈਂ ਇਹ ਯਕੀਨੀ ਬਣਾਵਾਂਗਾ ਕਿ ਪੰਜਾਬ ਵਿੱਚ ਹਰ ਸਮੇਂ ਸ਼ਾਂਤੀ ਅਤੇ ਕਾਨੂੰਨ ਦਾ ਰਾਜ ਕਾਇਮ ਰਹੇ। ਪ੍ਰਭਾਵਸ਼ਾਲੀ ਕਾਨੂੰਨ ਵਿਵਸਥਾ ਭਾਜਪਾ ਲਈ ਇੱਕ ਸਤਿਕਾਰਤ ਗਾਰੰਟੀ ਹੈ।÷

ਮੀਡੀਆ ਦੇ ਇੱਕ ਸਵਾਲ ਦੇ ਜਵਾਬ ਵਿੱਚ ਜਾਖੜ ਨੇ ਕਿਹਾ ਕਿ ਵੀਐਚਪੀ ਆਗੂ ਵਿਕਾਸ ਬੱਗਾ ਦਾ ਕਤਲ ਫਿਰਕੂ ਲੀਹਾਂ @ਤੇ ਪੰਜਾਬ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਸੀ। ਟਾਰਗੇਟ ਕਿਲਿੰਗ ਦੀ ਹਰ ਕਿਸੇ ਨੇ ਨਿੰਦਾ ਕੀਤੀ ਹੋਵੇ ਪਰ ਆਪ ਅਤੇ ਕਾਂਗਰਸ ਸਮੇਤ ਅਖੌਤੀ ਉਦਾਰਵਾਦੀ ਪਾਰਟੀਆਂ ਦੀ ਚੁੱਪ ਹੈਰਾਨੀਜਨਕ ਹੈ। ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਕੋਲ ਦੁਖੀ ਪਰਿਵਾਰ ਦਾ ਹਾਲ-ਚਾਲ ਪੁੱਛਣ ਦਾ ਵੀ ਸਮਾਂ ਨਹੀਂ ਹੈ, ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦੀ ਗੱਲ ਤਾਂ ਛੱਡੋ।

ਹਿੰਦੂ ਜਥੇਬੰਦੀਆਂ ਨੇ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਰੋਸ ਧਰਨਾਂ ਦੇ ਕੇ ਕੀਤੀ ਜੰਮਕੇ ਨਾਅਰੇਬਾਜ਼ੀ

ਆਜ਼ਾਦ ਸੋਚ
ਸ਼ਾਹਿਦ ਜ਼ੁਬੈਰੀ
ਮਾਲੇਰਕੋਟਲਾ , 15 ਅਪ੍ਰੈਲ

ਲੰਘੀ 13 ਅਪ੍ਰੈਲ ਨੂੰ ਰੋਪੜ ਜ਼ਿਲ੍ਹੇ ਅਧੀਨ ਪੈਂਦੇ ਖੇਤਰ ਨੰਗਲ ਦੇ ਵਸਨੀਕ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਵਿਕਾਸ ਪ੍ਰਭਾਕਰ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਕਤਲ ਕੀਤੇ ਜਾਣ ਦੇ ਰੋਸ ਵੱਜੋਂ ਅੱਜ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮਾਲੇਰਕੋਟਲਾ ਇਕਾਈ ਵੱਲੋਂ ਹੋਰਨਾਂ ਹਿੰਦੂ ਸੰਸਥਾਵਾਂ ਨਾਲ ਮਿਲ ਕੇ ਸਥਾਨਕ ਡਿਪਟੀ ਕਮਿਸ਼ਨਰ ਦੇ ਦਫਤਰ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਧਰਨਾਂ ਦੇ ਕੇ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਧਰਨਾਕਾਰੀਆਂ ਵੱਲੋਂ ਰਾਜਪਾਲ ਪੰਜਾਬ ਦੇ ਨਾਂ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਗਈ ਕਿ ਵਿਕਾਸ ਪ੍ਰਭਾਕਰ ਦੇ ਕਾਤਲਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਧਰਨੇ ਦੌਰਾਨ ਇਕ ਵਾਰ ਸਥਿਤੀ ਉਸ ਸਮੇਂ ਗੰਭੀਰ ਬਣ ਗਈ ਜਦੋਂ ਧਰਨਾਕਾਰੀਆਂ ਨੇ ਮੰਗ ਰੱਖ ਦਿੱਤੀ ਕਿ ਉਹ ਮੰਗ ਪੱਤਰ ਦੇਣ ਲਈ ਡੀ.ਸੀ. ਦਫਤਰ ਦੇ ਅੰਦਰ ਚੁਣਵੇਂ ਬੰਦੇ ਨਹੀਂ ਜਾਣਗੇ ਸਗੋਂ ਡੀ.ਸੀ. ਸਾਹਿਬਾ ਜਾਂ ਏ.ਡੀ.ਸੀ. ਸਾਹਿਬ ਖੁਦ ਦਫਤਰ ਦੇ ਬਾਹਰ ਧਰਨਾਕਾਰੀਆਂ ਦੇ ਇੱਕਠ 'ਚ ਆ ਕੇ ਮੰਗ ਪੱਤਰ ਲੈਣ।ਇਸ ਦੌਰਾਨ ਜ਼ਿਲ੍ਹੇ ਦੇ ਅਧਿਕਾਰੀਆਂ ਨਾਲ ਜ਼ਰੂਰੀ ਮੀਟਿੰਗ ਚੱਲਦੀ ਹੋਣ ਕਾਰਨ ਜਦੋਂ ਪੰਜ ਮਿੰਟ ਤੱਕ ਡਿਪਟੀ ਕਮਿਸ਼ਨਰ ਸਾਹਿਬ ਮੰਗ ਪੱਤਰ ਲੈਣ ਲਈ ਆਪਣੇ ਦਫਤਰ ਤੋਂ ਬਾਹਰ ਨਾ ਆਏ ਤਾਂ ਭੜਕੇ ਹੋਏ ਧਰਨਾਕਾਰੀ ਨਾਅਰੇ ਮਾਰਦੇ ਹੋਏ ਡੀ.ਸੀ. ਦਫਤਰ ਦੇ ਸਾਹਮਣੇ ਸੜਕ ਜਾਮ ਕਰਕੇ ਬੈਠ ਗਏ।ਇਸ ਉਪਰੰਤ ਕੁਝ ਸਮੇਂ ਬਾਅਦ ਸਹਾਇਕ ਕਮਿਸ਼ਨਰ ਹਰਬੰਸ ਸਿੰਘ ਨੇ ਧਰਨਾਕਾਰੀਆਂ ਕੋਲ ਪੁੱਜ ਕੇ ਮੰਗ ਪੱਤਰ ਹਾਸਲ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਅੱਜ ਹੀ ਇਹ ਮੰਗ ਪੱਤਰ ਪੰਜਾਬ ਦੇ ਰਾਜਪਾਲ ਸਾਹਿਬ ਨੂੰ ਭੇਜ ਦੇਣਗੇ। ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਭਾਜਪਾ ਦੇ ਮਾਲੇਰਕੋਟਲਾ ਜ਼ਿਲ੍ਹਾ ਪ੍ਰਧਾਨ ਅਮਨ ਥਾਪਰ ਅਤੇ ਬਜਰੰਗ ਦਲ ਦੇ ਪੰਜਾਬ ਸਹਿ ਸੰਯੋਜਕ ਮੋਹਿਤ ਗਰਗ ਨੇ ਅਣਪਛਾਤੇ ਸਮਾਜ ਵਿਰੋਧੀ ਅਨਸਰਾਂ ਵੱਲੋਂ ਵਿਕਾਸ ਪ੍ਰਭਾਕਰ ਦੀ ਬੇਰਹਿਮੀ ਨਾਲ ਕੀਤੀ ਹੱਤਿਆ ਦੀ ਨਿੰਦਾ ਕਰਦੇ ਹੋਏ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਸ ਕਤਲ ਦੀ ਸਾਜਿਸ਼ ਪਿਛਲੇ ਮਾਸਟਰ ਮਾਈਡਾਂ ਨੂੰ ਬੇਨਕਾਬ ਕਰਕੇ ਮਾਮਲੇ ਦਾ ਪਰਦਾਫਾਸ਼ ਕੀਤਾ ਜਾਵੇ ਅਤੇ ਇਹ ਕੇਸ ਫਾਸਟ ਟਰੈਕ ਅਦਾਲਤ 'ਚ ਚਲਾਇਆ ਜਾਵੇ।ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਕਈ ਹਿੰਦੂ ਆਗੂਆਂ ਨੂੰ ਕੁਝ ਸਮਾਜ ਵਿਰੋਧੀ ਅਨਸਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਨਿਸ਼ਾਨਾਂ ਬਣਾ ਕੇ ਕਤਲ ਕੀਤਾ ਜਾ ਚੁੱਕਾ ਹੈ, ਜਦਕਿ ਹਰੇਕ ਨਾਗਰਿਕ ਨੂੰ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਦਾਨ ਕਰਨਾ ਸਰਕਾਰ ਦਾ ਮੁੱਖ ਫਰਜ਼ ਹੈ, ਪਰੰਤੂ ਪੰਜਾਬ ਦੀ ਆਪ ਸਰਕਾਰ ਲੋਕਾਂ ਦੀ ਸੁਰੱਖਿਆ ਕਰਨ 'ਚ ਫੇਲ੍ਹ ਸਾਬਤ ਹੋਈ ਹੈ।ਧਰਨਾਕਾਰੀ ਆਗੂਆਂ ਨੇ ਮੰਗ ਪੱਤਰ 'ਚ ਮੰਗ ਕੀਤੀ ਕਿ ਮ੍ਰਿਤਕ ਵਿਕਾਸ ਪ੍ਰਭਾਕਰ ਦੇ ਪਰਿਵਾਰ ਨੂੰ ਇੱਕ ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਉਸਦੀ ਪਤਨੀ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ, ਤਾਂ ਜੋ ਇਸ ਔਖੇ ਸਮੇਂ 'ਚ ਪਰਿਵਾਰ ਦਾ ਗੁਜ਼ਾਰਾ ਚੱਲ ਸਕੇ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਨ ਵਾਲਿਆਂ 'ਚ ਭਾਜਪਾ ਜ਼ਿਲ੍ਹਾ ਪ੍ਰਧਾਨ ਅਮਨ ਥਾਪਰ ਤੇ ਮੋਹਿਤ ਗਰਗ ਤੋਂ ਇਲਾਵਾ ਭਾਜਪਾ ਆਗੂ ਜਗਤ ਕਥੂਰੀਆ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਪ੍ਰਧਾਨ ਅਭੈ ਗੁਪਤਾ, ਪੁਸ਼ਪ ਜੈਨ ਬਜਰੰਗ ਦਲ, ਅਭਿਨਵ ਕੁਮਾਰ ਯੂਵਾ ਮੋਰਚਾ, ਆਰ.ਐਸ.ਐਸ. ਦੇ ਜ਼ਿਲ੍ਹਾ ਸੰਘ ਸੰਚਾਲਕ ਕਮਲ ਨੇਤਰ ਅਤੇ ਨਗਰ ਸੰਘ ਸੰਚਾਲਕ ਵਿਨੇ ਜੈਨ ਸ਼ਾਮਲ ਸਨ।

ਅੰਬੇਡਕਰ ਜਯੰਤੀ ਮੌਕੇ ਕਰਵਾਏ ਗਏ ਵੱਖ-ਵੱਖ ਪ੍ਰੋਗਰਾਮਾਂ ਵਿਚ ਸੰਜੀਵ ਖੰਨਾ ਨੇ ਵਿਸ਼ੇਸ਼ ਤੌਰ 'ਤੇ ਕੀਤੀ ਸ਼ਿਰਕਤ

ਆਜ਼ਾਦ ਸੋਚ
ਅਵਤਾਰ ਸੈਣੀ/ਜ਼ੀਰਕਪੁਰ, 15 ਅਪ੍ਰੈਲ

ਸੰਵਿਧਾਨ ਦੇ ਨਿਰਮਾਤਾ ਡਾ: ਭੀਮ ਰਾਓ ਅੰਬੇਡਕਰ ਦੇ 133ਵੇਂ ਜਨਮ ਦਿਨ ਮੌਕੇ ਜ਼ੀਰਕਪੁਰ ਸਮੇਤ ਸਮੁੱਚੇ ਵਿਧਾਨ ਸਭਾ ਹਲਕਾ ਡੇਰਾਬੱਸੀ ਵਿੱਚ ਪ੍ਰੋਗਰਾਮ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਸੂਬਾ ਸਕੱਤਰ ਤੇ ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਇੰਚਾਰਜ ਸੰਜੀਵ ਖੰਨਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾ ਡਾ: ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੇ ਜਨਮ ਦਿਨ ਮੌਕੇ ਸ਼ਰਧਾਂਜਲੀ ਭੇਂਟ ਕੀਤੀ। ਉਨ੍ਹਾਂ ਗਾਜੀਪੁਰ ਰੋਡ ਬਾਜ਼ੀਗਰ ਬਸਤੀ, ਅੰਬੇਡਕਰ ਕਲੋਨੀ, ਸੈਦਪੁਰਾ, ਗਲੀ ਨੰਬਰ 9 ਡੇਰਾਬੱਸੀ, ਬਿਜਨਪੁਰ, ਭਾਗਸੀ, ਜੰਗੀ ਈਸਾਪੁਰ, ਮਹਿਮਦਪੁਰ, ਬਾਲਮੀਕ ਮੁਹੱਲਾ ਡੇਰਾਬੱਸੀ, ਖਟੀਕ ਦਾਦਪੁਰਾ ਮੁਹੱਲਾ ਡੇਰਾਬੱਸੀ, ਸੰਜੀਵ ਖੰਨਾ ਵਿਖੇ ਕਰਵਾਏ ਗਏ ਪ੍ਰੋਗਰਾਮ ਦੌਰਾਨ ਸੰਜੀਵ ਖੰਨਾ ਨੇ ਬਾਬਾ ਸਾਹਿਬ ਦੀ ਤਸਵੀਰ @ਤੇ ਫੁੱਲ ਭੇਟ ਕੀਤੇ ਅਤੇ ਕੇਕ ਕੱਟ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਸੰਜੀਵ ਖੰਨਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਡਾ.ਬੀ.ਆਰ.ਅੰਬੇਦਕਰ ਨੇ ਸੰਵਿਧਾਨ ਵਿੱਚ ਸਾਰਿਆਂ ਨੂੰ ਬਰਾਬਰ ਦਾ ਦਰਜਾ ਦਿੱਤਾ ਹੈ। ਇਸ ਮੌਕੇ ਸੰਜੀਵ ਖੰਨਾ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਨੇ ਔਰਤਾਂ ਨੂੰ ਮਰਦਾਂ ਦੇ ਬਰਾਬਰ

ਸੇਫ ਸਕੂਲ ਵਾਹਨ ਸਕੀਮ ਤਹਿਤ ਪ੍ਰਾਈਵੇਟ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਕੀਤੀ

ਆਜ਼ਾਦ ਸੋਚ
ਹਰਜਿੰਦਰ ਭੰਗੂ/ਕੁਰਾਲੀ, 15 ਅਪ੍ਰੈਲ

ਸੇਫ ਸਕੂਲ ਵਾਹਨ ਸਕੀਮ ਤਹਿਤ ਟ੍ਰੈਫਿਕ ਪੁਲਿਸ ਕੁਰਾਲੀ ਵੱਲੋਂ ਅੱਜ ਸਕੂਲ ਬੱਸਾਂ ਦੇ ਚਲਾਨ ਕੱਟੇ ਗਏ।ਇਸ ਸਬੰਧੀ ਜਾਣਕਾਰੀ ਸਾਂਝੀ

ਕਰਦਿਆਂ ਏ ਐੱਸ ਆਈ ਜਗਤ ਸਿੰਘ ਇੰਚਾਰਜ ਟ੍ਰੈਫਿਕ ਪੁਲਿਸ ਕੁਰਾਲੀ ਨੇ ਦੱਸਿਆ ਕਿ ਐਸ ਐਸ ਪੀ ਟ੍ਰੈਫਿਕ ਹਰਨਿੰਦਰ ਸਿੰਘ ਮਾਨ, ਐਸ ਐਸ ਪੀ ਸੰਦੀਪ ਗਰਗ ਮੋਹਾਲੀ, ਡੀ ਐਸ ਪੀ ਮਹੇਸ਼ ਸੈਣੀ ਟਰੈਫਿਕ ਪੁਲਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸੇਫ ਸਕੂਲ ਵਾਹਨ ਸਕੀਮ ਤਹਿਤ ਪ੍ਰਾਈਵੇਟ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਕੀਤੀ ਗਈ। ਜਿਸ ਵਿੱਚ ਕੁਰਾਲੀ ਅਤੇ ਹੋਰ ਵੱਖ-ਵੱਖ ਸਕੂਲਾਂ ਦੀਆਂ ਬੱਸਾਂ ਦੀ ਚੈਕਿੰਗ ਦੌਰਾਨ ਬੱਸਾਂ ਦੇ ਚਲਾਨ ਕੱਟੇ ਗਏ। ਜਿਸ ਵਿੱਚ ਸਕੂਲ ਦੀ ਬੱਸ ਵਿੱਚ ਕੈਮਰੇ ਨਾ ਲੱਗੇ ਹੋਣ ਕਾਰਨ, ਬਸ ਦੇ ਡਰਾਈਵਰ ਵੱਲੋਂ ਸੀਟ ਬੈਲਟ ਨਾ ਲਾਉਣ ਕਾਰਨ , ਕਾਗਜ਼ ਪੱਤਰ ਪੂਰੇ ਨਾ ਹੋਣ ਅਤੇ ਬਿਨਾਂ ਡਰਾਇਵਿੰਗ ਲਾਇਸੇਂਸ ਤੋਂ ਸਨ ਉਨ੍ਹਾਂ ਦੇ ਚਲਾਨ ਕੀਤੇ ਗਏ।ਇਸ ਤੋਂ ਇਲਾਵਾ ਕੁਝ ਬੱਸ ਚਾਲਕਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ।ਇਸ ਮੌਕੇ ਸਭ ਬਸ ਚਾਲਕਾਂ ਨੂੰ ਸੜਕੀ ਨਿਯਮਾਂ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਵੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸੇਫ ਸਕੂਲ ਵਾਹਨ ਸਕੀਮ ਤਹਿਤ ਜਿਨ੍ਹਾਂ ਬੱਸਾਂ ਵਿੱਚ ਕਮੀਆਂ ਪਾਈਆਂ ਜਾਣਗੀਆਂ ਉਨ੍ਹਾਂ ਨੂੰ ਬਿਲਕੁਲ ਬਖਸ਼ਿਆ ਨਹੀਂ ਜਾਵੇਗਾ। ਕਿਉਂਕਿ ਸਹੂਲਤਾਂ ਪੱਖੋਂ ਸਾਰੇ ਹੀ ਸਕੂਲਾਂ ਵੱਲੋਂ ਬੱਚਿਆਂ ਦੇ ਮਾਪਿਆਂ ਤੋਂ ਫੀਸਾਂ ਲਈਆਂ ਜਾਂਦੀਆਂ ਹਨ। ਫਿਰ ਵੀ ਕੁਝ ਸਕੂਲ ਦੇ ਪ੍ਰਬੰਧਕਾਂ ਵੱਲੋਂ ਸਕੂਲ ਬੱਸਾਂ ਪ੍ਰਤੀ ਅਣਗਹਿਲੀ ਵਰਤ ਕੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ।ਇਸ ਮੌਕੇ ਉਨ੍ਹਾਂ ਨਾਲ ਏ ਐੱਸ ਆਈ ਸਰਦਾਰਾ ਸਿੰਘ,ਏ ਐੱਸ ਆਈ ਕੁਲਦੀਪ ਸਿੰਘ ,ਏ ਐੱਸ ਆਈ ਯਸ਼ਪਾਲ ਸਿੰਘ ਅਤੇ ਹੋਲਦਾਰ ਹਰਮੇਸ਼ ਕੁਮਾਰ ਵੀ ਹਾਜ਼ਰ ਸਨ।

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ਼ਾਹਦਰਾ ਵਿਖੇ ਵਿਸਾਖੀ ਮੌਕੇ 'ਦਸਤਾਰ ਮੁਕਾਬਲੇ' ਦਾ ਆਯੋਜਨ

ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਸਾਡਾ ਮਕਸਦ: ਪ੍ਰਿੰਸੀਪਲ ਸਤਿਬੀਰ ਸਿੰਘ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 15 ਅਪ੍ਰੈਲ

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਲੋਨੀ ਰੋਡ ਸ਼ਾਹਦਰਾ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸ. ਪਰਵਿੰਦਰ ਸਿੰਘ ਲੱਕੀ, ਸੀਨੀਅਰ ਵਾਈਸ ਚੇਅਰਮੈਨ ਸ. ਦਲਵਿੰਦਰ ਸਿੰਘ ਅਤੇ ਪ੍ਰਿੰਸੀਪਲ-ਕਮ-ਮੈਨੇਜਰ ਸ. ਸਤਿਬੀਰ ਸਿੰਘ ਵੱਲੋਂ ਸਕੂਲ ਵਿਖੇ ਵਿਸਾਖੀ ਪੁਰਬ ਮੌਕੇ ਸਕੂਲੀ ਵਿਦਿਆਰਥੀਆਂ ਦੇ 'ਦਸਤਾਰ ਮੁਕਾਬਲੇ' ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਮੁੱਖ ਮਹਿਮਾਨ ਵਜੋਂ ਸਕੂਲ ਦੇ ਚੇਅਰਮੈਨ ਸ. ਪਰਵਿੰਦਰ ਸਿੰਘ ਲੱਕੀ, ਵਿਸ਼ੇਸ਼ ਮਹਿਮਾਨ ਵਜੋਂ ਸਕੂਲ ਦੇ ਸੀਨੀਅਰ ਵਾਈਸ ਚੇਅਰਮੈਨ ਸ. ਦਲਵਿੰਦਰ ਸਿੰਘ ਨੇ ਹਾਜ਼ਰੀਆਂ ਭਰੀਆਂ। ਪ੍ਰਿੰਸੀਪਲ ਸ. ਸਤਿਬੀਰ ਸਿੰਘ ਨੇ ਆਏ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆ ਆਖਿਆ। ਦਸਤਾਰ ਮੁਕਾਬਲੇ ਵਿੱਚ ਸਕੂਲ ਦੀ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਸਿੱਖ ਵਿਦਿਆਰਥੀਆਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਮੁਕਾਬਲੇ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ ਜਿਸ ਦੇ ਤਹਿਤ ਪਹਿਲੇ ਹਿੱਸੇ ਵਿੱਚ ਦਸਤਾਰ ਨਾਲ ਸੰਬੰਧਤ ਸੁਆਲ-ਜਵਾਬ ਦੂਜੇ ਹਿੱਸੇ ਵਿੱਚ ਪਗੜੀ ਅਧਾਰਿਤ ਪੰਗਤੀਆਂ ਅਤੇ ਤੀਜੇ ਹਿੱਸੇ ਵਿੱਚ ਆਪਣੀਆਂ ਸੋਹਣੀਆਂ ਦਸਤਾਰਾਂ ਨਾਲ 'ਰੈਂਪ ਵਾਕ' ਕੀਤਾ ਗਿਆ। ਰੰਗ-ਬਿਰੰਗੀਆਂ ਦਸਤਾਰਾਂ ਨਾਲ ਸਜੇ ਹੋਏ ਵਿਦਿਆਰਥੀਆਂ ਵੱਲੋਂ ਜਦੋਂ ਰੈਂਪ-ਵਾਕ ਕੀਤਾ ਗਿਆ ਤਾਂ ਮੌਕੇ ਤੇ ਹਾਜ਼ਰ ਵਿਦਿਆਰਥੀਆਂ ਵੱਲੋਂ ਉਹਨਾਂ ਦੀ

ਹੌਸਲਾ ਕੀਤੀ ਗਈ।

ਜੱਜ ਸਾਹਿਬਾਨ ਵੱਲੋਂ ਵਿਦਿਆਰਥੀਆਂ ਨੂੰ ਪੁੱਛੇ ਗਏ ਸੁਆਲਾਂ ਦਾ ਜਵਾਬ ਵਿਦਿਆਰਥੀਆਂ ਵੱਲੋਂ ਬਾਖੂਬੀ ਦਿੱਤਾ ਗਿਆ। ਇਸ ਮੌਕੇ ਤੇ ਸਕੂਲ ਸਕੂਲ ਪ੍ਰਿੰਸੀਪਲ ਸ.ਸਤਿਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਕੂਲ ਦੇ ਨਵੇਂ ਅਕਾਦਮਿਕ ਸੈਸ਼ਨ ਵਿੱਚ ਕਰਾਈ ਜਾਣ ਵਾਲੀ ਇਹ ਗਤੀਵਿਧੀ ਵਿੱਚ ਜਿਸ ਤਰ੍ਹਾਂ ਨਾਲ ਵਿਦਿਆਰਥੀਆਂ ਵੱਲੋਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਗਿਆ ਹੈ। ਉਸ ਤੋਂ ਪਤਾ ਲੱਗਦਾ ਹੈ ਕਿ ਪੜ੍ਹਾਈ ਦੇ ਨਾਲ-ਨਾਲ ਸਕੂਲ ਪੱਧਰ ਤੇ ਕਰਾਈਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਵਿਦਿਆਰਥੀਆਂ ਵਿੱਚ ਕਿੰਨਾ ਉਤਸ਼ਾਹ ਰਹਿੰਦਾ ਹੈ। ਇਸ ਦੇ ਨਾਲ ਹੀ ਉਹਨਾਂ ਨੇ ਦੱਸਿਆ ਕਿ ਇਹਨਾਂ ਗਤੀਵਿਧੀਆਂ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਹੈ।

ਸਕੂਲ ਚੇਅਰਮੈਨ ਸ. ਪਰਵਿੰਦਰ ਸਿੰਘ ਲੱਕੀ ਹੋਰਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਦਸਤਾਰ ਸਾਨੂੰ ਗੁਰੂ ਸਾਹਿਬ ਵੱਲੋਂ ਬਖਸ਼ਿਆ ਅਨਮੋਲ ਖ਼ਜ਼ਾਨਾ ਹੈ। ਸਾਨੂੰ ਇਸ ਦਾ ਸਤਿਕਾਰ ਦਿਲੋਂ ਕਰਨਾ ਚਾਹੀਦਾ ਹੈ। ਹਰ ਗੁਰਸਿੱਖ ਲਈ ਦਸਤਾਰ ਧਾਰਨ ਕਰਨਾ ਲਾਜ਼ਮੀ ਹੈ। ਉਹਨਾਂ ਨੇ ਵਿਸਾਖੀ ਮੌਕੇ ਦਸਤਾਰ ਮੁਕਾਬਲੇ ਨੂੰ 'ਦਸਤਾਰ ਸਵੈ-ਮਾਨ ਦਿਹਾੜੇ' ਵਜੋਂ ਮਨਾਏ ਜਾਣ ਤੇ ਸਾਰਿਆਂ ਵਧਾਈ ਦਿੱਤੀ। ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।

ਇੰਡਸ ਪਬਲਿਕ ਸਕੂਲ 'ਚ ਲੱਗੀਆਂ ਵਿਸਾਖੀ ਦੀਆਂ ਲੱਗੀਆਂ ਰੌਣਕਾਂ

ਆਜ਼ਾਦ ਸੋਚ
ਜਗਵਿੰਦਰ ਸਿੰਘ/ਖਰੜ, 15 ਅਪ੍ਰੈਲ

ਇੰਡਸ ਪਬਲਿਕ ਸਕੂਲ ਵਿੱਚ ਵਿਸਾਖੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਦੇਹਿ ਸ਼ਿਵਾ ਵਰ ਮੋਹੇ ਇਹੀ ਸ਼ਬਦ ਨਾਲ ਕੀਤੀ ਗਈ। ਸਕੂਲ ਵਿੱਚ ਕਰਵਾਏ ਗਏ ਇੱਕ ਸਮਾਗਮ ਵਿੱਚ ਵਿਦਿਆਰਥੀਆਂ ਨੇ ਬਹੁਤ ਖ਼ੂਬਸੂਰਤ ਪ੍ਰੋਗਰਾਮ ਪੇਸ਼ ਕੀਤੇ। ਸਕੂਲ ਨੂੰ ਫੁੱਲਾਂ ਅਤੇ ਰੰਗ-ਬਰੰਗੇ ਰਿਬਨਾਂ ਨਾਲ ਸਜਾਇਆ ਗਿਆ। ਇਸ ਮੌਕੇ ਤੇ ਵਿਦਿਆਰਥੀਆਂ ਵੱਲੋਂ ਪੰਜਾਬੀ ਸਭਿਆਚਾਰਕ ਪਹਿਰਾਵਿਆਂ 'ਚ ਫ਼ਸਲਾਂ ਦੀ ਵਾਢੀ, ਜੱਲਿਆਂਵਾਲਾ ਬਾਗ ਅਤੇ ਖ਼ਾਲਸਾ ਪੰਥ ਦੀ ਸਥਾਪਨਾ ਨਾਲ ਸਬੰਧਿਤ ਕਈ ਪ੍ਰੋਗਰਾਮ ਵੀ ਪੇਸ਼ ਕੀਤੇ ਗਏ । ਇਸ ਤੋਂ ਬਾਅਦ ਵਿਦਿਆਰਥੀਆਂ 'ਚ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ । ਇਸ ਦੇ ਨਾਲ ਹੀ ਵਿਦਿਆਰਥੀਆਂ ਨੇ ਵਿਸਾਖੀ ਦੇ ਪਵਿੱਤਰ ਤਿਉਹਾਰ ਮੌਕੇ ਇਹ ਦਿਹਾੜੇ ਦੀ ਸਮਾਜਿਕ ਮਹੱਤਤਾ ਅਤੇ ਪਿਛੋਕੜ ਨੂੰ ਸਮਝਦੇ ਹੋਏ ਸਕੂਲ ਦੇ ਵਿਦਿਆਰਥੀਆਂ ਨੇ ਖੇਤਾਂ 'ਚ ਜਾ ਕੇ ਪੁਰਾਣਿਕ ਤਰੀਕੇ ਨਾਲ ਫ਼ਸਲਾਂ ਦੀ ਵਾਢੀ ਕਰਦੇ ਹੋਏ ਖੇਤਾਂ 'ਚ ਗਿੱਧਾ ਅਤੇ ਭੰਗੜਾ ਪਾਇਆ। ਸਕੂਲ ਦੇ ਪ੍ਰਿੰਸੀਪਲ ਪਰਮਪ੍ਰੀਤ ਕੌਰ ਚੀਮਾ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਤਿਉਹਾਰ ਅਤੇ ਵਿਸਾਖ ਮਹੀਨੇ ਨਾਲ ਜਾਣੂ ਕਰਵਾਉਂਦਿਆਂ ਦੱਸਿਆ ਕਿ ਵਿਸਾਖੀ ਦਾ ਤਿਉਹਾਰ ਪੰਜਾਬੀਆਂ ਦਾ ਇੱਕ ਮਹੱਤਵਪੂਰਨ ਤਿਉਹਾਰ ਹੈ ਜਿੱਥੇ 13 ਅਪ੍ਰੈਲ ਨੂੰ ਸੰਮਤ ਸਾਲ ਦੀ ਸ਼ੁਰੂਆਤ ਹੁੰਦੀ ਹੈ, ਉੱਥੇ ਹੀ ਕਿਸਾਨ ਇਸ ਦਿਨ ਤੋਂ ਆਪਣੀ ਫ਼ਸਲਾਂ ਦੀ ਵਾਢੀ ਸ਼ੁਰੂ ਕੀਤੀ ਜਾਂਦੀ ਹੈ । ਉਨ੍ਹਾਂ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿਤੀ । ਇਸ ਮੌਕੇ ਤੇ ਜ਼ਲਿਆਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿਤੀ ਗਈ।

ਲੋਕ ਸਭਾ ਹਲਕਾ ਫਰੀਦਕੋਟ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਪਾਈ ਨਾਨਕੇ ਪਿੰਡ ਜਲਾਲ ਫੇਰੀ, ਮੰਗੀਆਂ ਵੋਟਾਂ

ਆਜ਼ਾਦ ਸੋਚ
ਬਿੰਦਰ ਜਲਾਲ
ਭਗਤਾ ਭਾਈ , 15 ਅਪ੍ਰੈਲ

ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਦੇ ਹੱਕ ਵਿੱਚ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਵੱਖ ਵੱਖ ਪਿੰਡਾਂ ਚ ਚੋਣ ਪ੍ਰਚਾਰ ਕੀਤਾ ਗਿਆ।ਇਸ ਮੌਕੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਪਿੰਡ ਵਾਸੀਆਂ ਨੂੰ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਜਾਣੂ ਕਰਵਾਇਆ ਅਤੇ ਲੋਕਾਂ ਵੱਲੋਂ ਮਿਲ ਰਹੇ ਭਰਮੇ ਹੁੰਗਾਰੇ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਸਿਆਸੀ ਪਾਰਟੀਆਂ ਦੇ ਮੰਤਰੀਆਂ ਖਿਲਾਫ ਦਲ ਬਦਲਣ ਨੂੰ ਲੈ ਕੇ ਲਾਏ ਰਗੜੇ।

ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਰਮਜੀਤ ਸਿੰਘ ਅਨਮੋਲ ਦੇ ਹੱਕ ਵਿਚ ਵੋਟਾਂ ਪਾਉਣ ਦੀ ਕੀਤੀ ਅਪੀਲ।ਇਸ ਦੌਰਾਨ ਕਰਮਜੀਤ ਸਿੰਘ ਅਨਮੋਲ ਵੱਲੋਂ ਆਪਣੇ ਨਾਨਕੇ ਪਿੰਡ ਫੇਰੀ ਦੌਰਾਨ ਮਰਹੂਮ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਜੱਦੀ ਪਿੰਡ ਜਲਾਲ ਆਪਣੇ ਨਾਨਕੇ ਘਰ ਪਹੁੰਚੇ ਅਤੇ ਪਿੰਡ ਰਹਿੰਦੇ ਮਾਣਕ ਪਰਿਵਾਰ ਨਾਲ ਮੁਲਾਕਾਤ ਕੀਤੀ।ਦੱਸਣਾ ਬਣਦਾ ਕਿ ਕਰਮਜੀਤ ਅਨਮੋਲ ਮਰਹੂਮ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਭਾਣਜੇ ਹਨ,ਉਹਨਾਂ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਜਲਾਲ ਦੇ ਸਕੂਲ ਵਿਖੇ ਕੀਤੀ ਅਤੇ ਅੱਜ ਉਹ ਆਪਣੇ ਨਾਲ ਪੜਦੇ ਪੁਰਾਣੇ ਦੋਸਤਾਂ ਨੂੰ ਮਿਲ ਕੇ ਬਹੁਤ ਖੁਸ਼ ਹੋਏ ਅਤੇ ਬਚਪਨ ਦੀਆਂ ਯਾਦਾਂ ਤਾਜ਼ਾ ਕੀਤੀਆਂ।ਇਸ ਮੌਕੇ ਗੱਲਬਾਤ ਦੌਰਾਨ ਕਰਮਜੀਤ ਅਨਮੋਲ ਨੇ ਕਿਹਾ ਕਿ ਮੇਰਾ ਬਚਪਨ ਪਿੰਡ ਜਲਾਲ ਵਿੱਚ ਬੀਤਿਆ,ਨਾਨਕੇ ਪਿੰਡ ਆਉਣ ਤੇ ਮਾਮੇ ਮਾਮੀਆਂ ਵੱਲੋਂ ਦੋਹਤੇ ਨੂੰ ਸ਼ਗਨ ਦਿੱਤਾ ਜਾਂਦਾ ਪਰ ਮੈਂ ਨਾਨਕੇ ਪਿੰਡ ਤੋਂ ਮੰਗ ਕਰਦਾ ਕਿ ਮੈਨੂੰ ਸ਼ਗਨ ਦੇ ਰੂਪ ਵਿੱਚ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾ ਦਿਓ,ਫਿਰ ਦੇਖਣਾ ਕਿ ਮੈਂ ਪਿੰਡ ਜਲਾਲ ਨੂੰ ਕਿੰਨੀਆਂ ਉੱਚੀਆਂ ਬੁਲੰਦੀਆਂ ਤੇ ਲੈ ਕੇ ਜਾਵਾਂਗਾ।ਇਸ ਮੌਕੇ ਬਲਾਕ ਪ੍ਰਧਾਨ ਰਾਜਵਿੰਦਰ ਸਿੰਘ ਭਗਤਾ,ਸੁਰਜੀਤ ਸਿੰਘ ਸੀਤਾ,ਨਿਹਾਲ ਸਿੰਘ,ਗੁਰਪ੍ਰੀਤ ਸਿੰਘ,ਦਿਲਬਾਗ ਸਿੰਘ ਬਾਗੀ, ਕਾਲਾ ਸਿੰਘ ਸੰਧੂ ਦਿਆਲਪੁਰਾ ਭਾਈਕਾ,ਰਾਜ ਸਿੰਘ ਜਲਾਲ,ਰਾਕੇਸ਼ ਕੁਮਾਰ ਅਰੋੜਾ, ਜਸਵਿੰਦਰ ਸਿੰਘ ਜੱਸ, ਕਾਕਾ ਖਾਨਦਾਨ, ਮੁਕੇਸ਼ ਕੁਮਾਰ, ਤਰਸੇਮ ਸਿੰਘ ਸੇਮਾ, ਜਗਸੀਰ ਸਿੰਘ ਅਤੇ ਵੱਡੀ ਗਿਣਤੀ ਵਿਚ ਵੱਖ ਵੱਖ ਪਿੰਡਾਂ ਦੇ ਪਾਰਟੀ ਵਰਕਰ ਹਾਜ਼ਰ ਸਨ।

ਭਗਵੰਤ ਮਾਨ ਨੇ ਤਿਹਾੜ ਜੇਲ੍ਹ 'ਚ ਕੇਜਰੀਵਾਲ ਨਾਲ ਮੁਲਾਕਾਤ ਕੀਤੀ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ, 15 ਅਪ੍ਰੈਲ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇੱਥੇ ਤਿਹਾੜ ਜੇਲ੍ਹ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕੀਤੀ। ਤਿਹਾੜ ਜੇਲ੍ਹ ਦੇ ਅਧਿਕਾਰੀ ਨੇ ਦੱਸਿਆ ਕਿ ਇਹ ਮੁਲਾਕਾਤ ਮੁਲਕਾਤ ਜੰਗਲਾ ਵਿੱਚ ਹੋਈ। ਕੇਜਰੀਵਾਲ ਜੇਲ੍ਹ ਨੰਬਰ 2 ਵਿੱਚ ਬੰਦ ਹਨ। ਉਨ੍ਹਾਂ ਤੇ ਸ੍ਰੀ ਮਾਨ ਵਿਚਾਲੇ ਇੰਟਰਕਾਮ ਰਾਹੀਂ ਗੱਲ ਹੋਈ। ਅਧਿਕਾਰੀ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਨੇ ਜੇਲ੍ਹ ਨਿਯਮਾਂ ਅਨੁਸਾਰ ਆਮ ਮੁਲਾਕਾਤੀ ਵਜੋਂ ਕੇਜਰੀਵਾਲ ਨੂੰ ਮਿਲੇ। ਸ਼ਨਿਚਰਵਾਰ ਨੂੰ ਆਮ ਆਦਮੀ ਪਾਰਟੀ ਦੇ ਸੰਸਦ ਸੰਜੈ ਸਿੰਘ ਨੇ ਦੋਸ਼ ਲਗਾਇਆ ਸੀ ਕਿ ਤਿਹਾੜ ਪ੍ਰਸ਼ਾਸਨ ਕੇਜਰੀਵਾਲ ਨੂੰ ਉਨ੍ਹਾਂ ਦੇ ਪਰਿਵਾਰ ਅਤੇ ਸ੍ਰੀ ਮਾਨ ਨੂੰ ਵਿਅਕਤੀਗਤ ਤੌਰ 'ਤੇ ਮਿਲਣ ਨਹੀਂ ਦੇ ਰਿਹਾ ਹੈ। ਅਧਿਕਾਰੀਆਂ ਨੇ ਹਾਲਾਂਕਿ ਕਿਹਾ ਕਿ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਅਤੇ ਹੋਰ ਹਫ਼ਤੇ ਵਿੱਚ ਦੋ ਵਾਰ ਇਸੇ ਤਰ੍ਹਾਂ ਦਿੱਲੀ ਦੇ ਮੁੱਖ ਮੰਤਰੀ ਨੂੰ ਮਿਲਦੇ ਰਹੇ ਹਨ।

ਸਥਾਨਕ ਸਕੂਲ ਆਫ ਐਮੀਨੈਂਸ ਫਾਰ ਗਰਲਜ਼ ਵਿਖੇ ਸਵੀਪ ਮੁਕਾਬਲਿਆਂ ਦੌਰਾਨ ਜੇਤੂ ਵਿਦਿਆਰਥਣਾਂ ਸਨਮਾਨਿਤ

ਸਕੂਲ ਨੂੰ ਸੈਂਟਰ ਫਾਰ ਸਾਇੰਸ ਤੇ ਇਨਵਾਇਰਮੈਂਟ ਵੱਲੋਂ ਮਿਲਿਆ ਗਰੀਨ ਬੈਲਟ ਸਬੰਧੀ ਪ੍ਰਮਾਣ ਪੱਤਰ

ਆਜ਼ਾਦ ਸੋਚ
ਰਾਜਿੰਦਰ
ਸ੍ਰੀ ਚਮਕੌਰ ਸਾਹਿਬ , 15 ਅਪ੍ਰੈਲ

ਸਥਾਨਕ ਸਕੂਲ ਆਫ ਐਮੀਨੈਂਸ ਫਾਰ ਗਰਲਜ਼ ਵਿਖੇ ਸਵੀਪ ਮੁਕਾਬਲਿਆਂ ਤਹਿਤ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਸੰਸਥਾ ਦੇ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਅਗਵਾਈ ਹੇਠ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸੰਸਥਾ ਦੇ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਸੰਸਥਾ ਦੀਆਂ ਵਿਦਿਆਰਥਣਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਹਿਰ ਦੇ ਸਕੂਲਾਂ ਦਰਮਿਆਨ ਕਰਵਾਏ ਗਏ ਵੋਟਰ ਜਾਗਰੂਕਤਾ ਪ੍ਰੋਗਰਾਮ ਦੌਰਾਨ ਹੋਏ ਵੱਖੋ ਵੱਖਰੇ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ ਸੀ। ਇਸ ਮੌਕੇ ਸੰਬੋਧਨ ਕਰ

ਸੰਪਾਦਕੀ

ਆਜ਼ਾਦ ਸੋਚ

ਪਰਾਲੀ ਦੀਆਂ ਪੇਸ਼ਬੰਦੀਆਂ

ਪੰਜਾਬ ਅਤੇ ਉੱਤਰੀ ਭਾਰਤ ਦੇ ਕੁਝ ਹੋਰ ਸੂਬਿਆਂ ਵਿਚ ਝੋਨੇ ਦੀ ਪਰਾਲੀ ਸਾੜਨ ਕਰ ਕੇ ਪੈਦਾ ਹੋਣ ਵਾਲੇ ਪ੍ਰਦੂਸ਼ਣ ਦਾ ਮੁੱਦਾ ਸਾਲ ਦੇ ਕੁਝ ਮਹੀਨਿਆਂ ਵਿਚ ਉਦੋਂ ਸੁਰਖੀਆਂ ਵਿਚ ਆ ਜਾਂਦਾ ਹੈ ਜਦੋਂ ਦਿੱਲੀ ਦੀ ਹਵਾ ਵਿਚ ਪ੍ਰਦੂਸ਼ਣ ਦੇ ਮਹੀਨ ਕਣਾਂ (ਏਕਿਊਆਈ) ਦਾ ਪੱਧਰ ਬਹੁਤ ਜਿ ?ਆਦਾ ਵਧ ਜਾਂਦਾ ਹੈ। ਹੁਣ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ਨੇ ਪੰਜਾਬ ਵਿਚ ਪਰਾਲੀ ਦੀ ਸਮੱਸਿਆ ਦਾ ਆਪਣੇ ਤੌਰ ’ਤੇ ਨੋਟਿਸ ਲੈਂਦਿਆਂ ਰਾਜ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਉਹ ਅਗਲੀ 5 ਮਈ ਤੱਕ ਇਸ ਸਾਲ ਝੋਨੇ ਦੀ ਪਰਾਲੀ ਦਾ ਪ੍ਰਬੰਧ ਕਰਨ ਲਈ ਆਪਣੀ ਯੋਜਨਾ ਦੀ ਤਫ਼ਸੀਲ ਪੇਸ਼ ਕਰੇ। ਐੱਨਜੀਟੀ ਵਲੋਂ ਰਾਜ ਸਰਕਾਰ ਦੀ ਫ਼ਸਲੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਕਾਰਵਾਈ ਰਿਪੋਰਟ ਦਾ ਮੁਤਾਲਿਆ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਵਲੋਂ ਐੱਨਜੀਟੀ ਕੋਲ ਪੇਸ਼ ਕੀਤੀ ਗਈ ਕਾਰਵਾਈ ਰਿਪੋਰਟ ਮੁਤਾਬਿਕ ਸਾਲ 2023 ਵਿਚ ਰਾਜ ਵਿਚ 19.5 ਮਿਲੀਅਨ ਟਨ ਝੋਨੇ ਦੀ ਪਰਾਲੀ ਪੈਦਾ ਹੋਈ ਸੀ ਅਤੇ ਜਿਸ ਵਿੱਚੋਂ 15.86 ਮਿਲੀਅਨ ਟਨ ਪਰਾਲੀ ਦਾ ਪ੍ਰਬੰਧ ਕਰ ਲਿਆ ਗਿਆ ਸੀ। ਇਸ ਵਿੱਚੋਂ 11.5 ਮਿਲੀਅਨ ਟਨ ਪਰਾਲੀ ਨੂੰ ਖੇਤਾਂ ਵਿਚ ਹੀ ਸੰਭਾਲਿਆ ਗਿਆ ਸੀ; 3.66 ਮਿਲੀਅਨ ਟਨ ਪਰਾਲੀ ਨੂੰ ਬੁਆਇਲਰਾਂ, ਬਾਇਓਮਾਸ ਤੇ ਬਾਇਓਗੈਸ ਪਲਾਂਟਾਂ, ਬਾਇਓ ਐਥਨੌਲ ਪਲਾਂਟਾਂ, ਤਾਪ ਬਿਜਲੀ ਘਰਾਂ ਅਤੇ ਇੱਟਾਂ ਦੇ ਭੱਠਿਆਂ ’ਤੇ ਵਰਤਿਆ ਗਿਆ ਹੈ। ਪੰਜਾਬ ਸਰਕਾਰ ਦਾ ਅਨੁਮਾਨ ਹੈ ਕਿ ਸਾਲ 2024 ਵਿਚ 19.52 ਮਿਲੀਅਨ ਟਨ ਝੋਨੇ ਦੀ ਪਰਾਲੀ ਪੈਦਾ ਹੋਵੇਗੀ ਜਿਸ ਵਿੱਚੋਂ 18.66 ਮਿਲੀਅਨ ਟਨ ਪਰਾਲੀ ਨੂੰ ਖੇਤਾਂ ਵਿਚ ਹੀ ਸੰਭਾਲਿਆ/ਵਰਤਿਆ ਜਾਵੇਗਾ ਜਦਕਿ ਬਾਕੀ ਦੀ 5.96 ਮਿਲੀਅਨ ਟਨ ਪਰਾਲੀ ਸਨਅਤੀ ਅਤੇ ਊਰਜਾ ਪਲਾਂਟਾਂ ਵਿਚ ਵਰਤੀ ਜਾਵੇਗੀ। ਐੱਨਜੀਟੀ ਦੇ ਮੁੱਖ ਬੈਂਚ ਨੇ ਰਾਜ ਸਰਕਾਰ ਨੂੰ ਇਸ ਮੁਤੱਲਕ ਮੁਕੰਮਲ ਵੇਰਵਿਆਂ ਅਤੇ ਹੁਣ ਤੱਕ ਕੀਤੀ ਗਈ ਤਿਆਰੀ ਅਤੇ ਆਉਣ ਵਾਲੇ ਮਹੀਨਿਆਂ ਵਿਚ ਚੁੱਕੇ ਜਾਣ ਵਾਲੇ ਕਦਮਾਂ ਦੀ ਤਫ਼ਸੀਲ ਦੇਣ ਲਈ ਕਿਹਾ ਹੈ।

ਪਰਾਲੀ ਦੇ ਪ੍ਰਬੰਧਨ ਦਾ ਮੂਲ ਮਸਲਾ ਇਹ ਹੈ ਕਿ ਝੋਨੇ ਦੀ ਕਟਾਈ ਤੋਂ ਬਾਅਦ ਕਿਸਾਨਾਂ ਨੂੰ ਹਾੜ੍ਹੀ ਦੀ ਅਗਲੀ ਫ਼ਸਲ ਬੀਜਣ ਲਈ ਬਹੁਤ ਘੱਟ ਸਮਾਂ ਬਚਦਾ ਹੈ ਜਿਸ ਕਰ ਕੇ ਉਨ੍ਹਾਂ ਨੂੰ ਵਾਧੂ ਪਰਾਲੀ ਨੂੰ ਸਾੜਨਾ ਪੈਂਦਾ ਹੈ। ਕਿਸਾਨ ਇਹ ਵੀ ਕਹਿੰਦੇ ਆ ਰਹੇ ਹਨ ਕਿ ਜੇ ਸਰਕਾਰ ਉਨ੍ਹਾਂ ਨੂੰ ਪ੍ਰਤੀ ਏਕੜ 2500 ਰੁਪਏ ਦਾ ਮੁਆਵਜ਼ਾ ਦੇ ਦੇਵੇ ਤਾਂ ਉਹ ਆਪਣੇ ਪੱਧਰ ’ਤੇ ਹੀ ਪਰਾਲੀ ਦਾ ਪ੍ਰਬੰਧ ਕਰ ਸਕਦੇ ਹਨ ਅਤੇ ਇਸ ਕਰ ਕੇ ਪੈਦਾ ਹੋਣ ਵਾਲੇ ਪ੍ਰਦੂਸ਼ਣ ਤੋਂ ਨਿਜਾਤ ਮਿਲ ਸਕਦੀ ਹੈ।

ਡਿਕੋ-ਡੋਲੇ ਖਾਂਦਾ ਜਰਮਨ ਅਰਥਚਾਰਾ

-ਦਰਬਾਰਾ ਸਿੰਘ ਕਾਹਲੋਂ

ਜਰਮਨੀ ਦਾ ਯੂਰਪ ਮਹਾਦੀਪ ਹੀ ਨਹੀਂ ਬਲਕਿ ਪੂਰੇ ਵਿਸ਼ਵ ਅੰਦਰ ਇਕ ਨਿਵੇਕਲਾ ਸਥਾਨ ਹੈ। ਵੀਹਵੀਂ ਸਦੀ ਵਿਚ ਦੋ ਵਿਸ਼ਵ ਜੰਗਾਂ ਵਿਚ ਹਾਰਾਂ ਦੇ ਬਾਵਜੂਦ ਇਹ ਰਾਸ਼ਟਰ ਦੁਬਾਰਾ ਤੇਜ਼ੀ ਨਾਲ ਜਿਵੇਂ ਆਰਥਿਕ ਅਤੇ ਗਲੋਬਲ ਸ਼ਕਤੀ ਵਜੋਂ ਉੱਭਰਦਾ ਰਿਹਾ ਹੈ, ਇਹ ਪੂਰੇ ਵਿਸ਼ਵ ਲਈ ਇਕ ਚਮਤਕਾਰ ਵਜੋਂ ਜਾਣਿਆ ਜਾਂਦਾ ਰਿਹਾ ਹੈ। ਦੂਸਰੀ ਵਿਸ਼ਵ ਜੰਗ ਤੋਂ ਬਾਅਦ ਇਸ ਨੂੰ ਸਦੀਵੀ ਤੌਰ ’ਤੇ ਕਮਜ਼ੋਰ ਰਾਸ਼ਟਰ ਬਣਾਉਣ ਲਈ ਅਮਰੀਕਾ, ਬ੍ਰਿਟੇਨ, ਯੂਰਪੀ ਦੇਸ਼ਾਂ ਅਤੇ ਸੋਵੀਅਤ ਰੂਸ ਨੇ ਪੂਰਬੀ ਤੇ ਪੱਛਮੀ ਜਰਮਨੀ ਨਾਂ ਦੇ ਦੋ ਰਾਸ਼ਟਰਾਂ ਵਿਚ ਵੰਡ ਦਿੱਤਾ ਸੀ ਪਰ ਪੱਛਮੀ ਜਰਮਨ ਦੀ ਤੇਜ਼ ਗਤੀ ਨਾਲ ਤਰੱਕੀ ਤੇ ਪੂਰਬੀ ਜਰਮਨੀ ਦੇ ਪੱਛੜੇਪਣ ਕਰਕੇ ਇਨ੍ਹਾਂ ਦੇ ਏਕੀਕਰਨ ਦੀ ਮੰਗ ਇੰਨਾ ਜ਼ੋਰ ਪਕੜ ਗਈ ਕਿ ਜਨਤਕ ਇਨਕਲਾਬੀਆਂ ਨੇ 9 ਨਵੰਬਰ ਨੂੰ ਦੋਹਾਂ ਜਰਮਨੀਆਂ ਨੂੰ ਵੱਖ ਕਰਨ ਵਾਲੀ ਬਰਲਿਨ ਦੀ ਦੀਵਾਰ ਤੋੜ ਦਿੱਤੀ।

ਅਕਤੂਬਰ 1990 ’ਚ ਕਮਿਊਨਿਸਟ ਸ਼ਾਸਨ ਤੋਂ ਆਜ਼ਾਦੀ ਪ੍ਰਾਪਤ ਕਰ ਕੇ ਪੂਰਬੀ ਜਰਮਨੀ ਪੱਛਮੀ ਜਰਮਨੀ ਵਿਚ ਸ਼ਾਮਲ ਹੋ ਗਿਆ। ਇਵੇਂ ਜਰਮਨ ਇਕਜੁੱਟ ਰਾਸ਼ਟਰ ਬਣ ਗਿਆ। ਗਲੋਬਲ ਵਿਸ਼ਵੀਕਰਨ ਦੇ ਦੌਰ ਵਿਚ ਸਭ ਰਾਸ਼ਟਰਾਂ ਤੋਂ ਤੇਜ਼ੀ ਨਾਲ ਖੁੱਲ੍ਹੇ ਵਪਾਰ ਦੀ ਨੀਤੀ ਦਾ ਲਾਭ ਉਠਾਉਂਦੇ ਹੋਏ ਜਰਮਨੀ ਨੇ ਵਿਕਾਸ ਕੀਤਾ। ਇਸ ਦਾ ਨਿਰਯਾਤ ਇਸ ਦੀ ਕੁੱਲ ਜੀਡੀਪੀ ਦੇ ਤੀਸਰੇ ਹਿੱਸੇ ਜਿੰਨਾ ਵਧ ਗਿਆ। ਇਹ ਗੱਲ ਇੱਕੀਵੀਂ ਸਦੀ ਦੀ ਸ਼ੁਰੂਆਤ ਦੀ ਹੈ ਪਰ 10 ਸਾਲਾਂ ਬਾਅਦ ਜਰਮਨੀ ਦੀ ਆਰਥਿਕਤਾ ਨੇ ਮੁੜ ਪੈਰੀਂ ਤਾਂ ਖੜ੍ਹੇ ਕੀ ਹੋਣਾ ਸੀ, ਇਹ ਨਿੱਤ ਨਿਘਾਰ ਦਾ ਸ਼ਿਕਾਰ ਹੁੰਦੀ ਗਈ। ਅੱਜ ਹਾਲਤ ਇਹ ਹੈ ਕਿ ਦੇਸ਼ ਹੜਤਾਲਾਂ, ਵਿਰੋਧਾਂ, ਮੁਜ਼ਾਹਰਿਆਂ, ਛਾਂਟੀਆਂ, ਨਫ਼ਰਤੀ ਹਿੰਸਕ ਫਿਜ਼ਾ, ਥਾਂ-ਥਾਂ ਨਾਕਾਬੰਦੀਆਂ ਦਾ ਸ਼ਿਕਾਰ ਹੋਇਆ ਹੈ। ਜੋ ਕੁਝ ਆਏ ਦਿਨ ਅਸੀਂ ਭਾਰਤ, ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ ਅਤੇ ਯੂਰਪੀ ਦੇਸ਼ਾਂ ਵਿਚ ਹੁੰਦਾ ਵੇਖ ਰਹੇ ਹਾਂ, ਉਹੀ ਕੁਝ ਜਰਮਨ ਵਿਚ ਵਾਪਰ ਰਿਹਾ ਹੈ। ਚਾਲੂ ਆਰਥਿਕ ਮੰਦੀ ਨੇ ਇਹ ਰਾਸ਼ਟਰ ਬੁਰੀ ਤਰ੍ਹਾਂ ਜਕੜ ਲਿਆ ਲੱਗਦਾ ਹੈ। ਜਰਮਨੀ ਵਰਗਾ ਦੇਸ਼ ਦੂਰ-ਅੰਦੇਸ਼ੀਹੀਣ ਲੀਡਰਸ਼ਿਪ, ਯੂਰਪ, ਨਾਟੋ ਸੰਗਠਨ ਤੇ ਅਮਰੀਕਾ ਵਰਗੇ ਦੇਸ਼ਾਂ ਦੀ ਬੇਰੁਖ਼ੀ ਕਾਰਨ ਅੱਜ ਕਿਸਾਨੀ ਮੁਜ਼ਾਹਰਿਆਂ, ਟਰੈਕਟਰਾਂ-ਟਰਾਲੀਆਂ ਰਾਹੀਂ ਬਲਾਕੇਡਾਂ, ਰੇਲਵੇ ਵਰਕਰਾਂ, ਡਰਾਈਵਰ ਯੂਨੀਅਨਾਂ ਦੀਆਂ ਹੜਤਾਲਾਂ, ਦਫ਼ਤਰੀ ਤੇ ਰੇਸਤਰਾਂ ਅਮਲਿਆਂ ਦੀ ਘਾਟ ਕਾਰਨ ਤਾਲਾਬੰਦੀ ਦਾ ਸ਼ਿਕਾਰ ਹੈ। ਆਮ ਕਾਮਿਆਂ ਦੀਆਂ ਹੜਤਾਲਾਂ ਕਾਰਨ ਸਨਅਤ ਤੇ ਵਪਾਰ ਵਿਚ ਖੜੋਤ ਆ ਗਈ ਹੈ। ਯੂਰਪ ਅੰਦਰ ਜਰਮਨੀ ਇਸ ਦੇ ਨਿਰਤਰ ਵਿਕਾਸ, ਸਨਅਤੀ ਉਤਪਾਦਨ ਤੇ ਵਪਾਰਕ ਬਹੁਲਤਾ ਕਰਕੇ ਆਰਥਿਕ ਅਤੇ ਤਕਨੀਕੀ ਪਾਵਰਹਾਊਸ ਵਜੋਂ ਜਾਣਿਆ ਜਾਂਦਾ ਰਿਹਾ ਹੈ।

ਇਹ ਮੁਕਾਮ ਇਸ ਨੇ ਆਪਣੀ ਹੁਨਰਮੰਦ ਮੁਹਾਰਤ, ਸਖ਼ਤ ਮਿਹਨਤ ਅਤੇ ਆਰਥਿਕ ਅਨੁਸ਼ਾਸਨ ਦੇ ਬਲਬੂਤੇ ਹਾਸਲ ਕੀਤਾ ਸੀ। ਪਰ ਅੱਜ ਉਸ ਦੀ ਰਾਜਨੀਤੀ, ਆਰਥਿਕਤਾ ਅਤੇ ਅਜ਼ੀਮ ਹੁਨਰਮੰਦੀ ਵਿਚ ਅਚੰਭਕ ਕੁਸ਼ਲਤਾ, ਫ਼ੈਸਲਾਕੁਨ ਨਿਰਣਾਇਕਤਾ, ਭਰੋਸੇਯੋਗਤਾ ਅਤੇ ਅੱਖਾਂ ਵਿਚ ਫੌਲਾਦੀ ਦ੍ਰਿੜ੍ਹਤਾ ਲੋਪ ਵਿਖਾਈ ਦੇ ਰਹੀ ਹੈ। ਇਸ ਦੇ ਕੁਝ ਠੋਸ ਕਾਰਨ ਹਨ ਜਿਨ੍ਹਾਂ ਨੂੰ ਜਾਣਨਾ ਅਤਿ ਜ਼ਰੂਰੀ ਹੈ। ਦਰਅਸਲ, ਜਰਮਨੀ ਦੀ ਮਸ਼ਹੂਰ ਕੈਮੀਕਲ ਤੇ ਸਟੀਲ ਸਨਅਤ ਚਲਾਉਣ ਲਈ ਸਸਤੀ ਦਰ ’ਤੇ ਕੋਲਾ, ਗੈਸ ਅਤੇ ਪੈਟਰੋਲ ਦੀ ਵੱਡੇ ਪੱਧਰ ’ਤੇ ਪੂਰਤੀ ਰੂਸ ਵੱਲੋਂ ਸਪਲਾਈ ’ਤੇ ਨਿਰਭਰ ਕਰਦੀ ਹੈ। ਇਵੇਂ ਹੀ ਇਸ ਵੱਲੋਂ ਉਤਪਾਦਤ ਕੀਤੀਆਂ ਜਾਣ ਵਾਲੀਆਂ ਮਰਸੀਡਸ ਅਤੇ ਬੀਐੱਮਡਬਲਯੂ ਕਾਰਾਂ ਲਈ ਸਸਤੀ ਦਰ ਦਾ ਈਂਧਨ ਦਰਕਾਰ ਹੈ। ਕੋਵਿਡ ਮਹਾਮਾਰੀ ਤੇ ਯੂਕਰੇਨ ਜੰਗ ਕਾਰਨ ਇਨ੍ਹਾਂ ਵਸਤਾਂ ਦੀ ਸਪਲਾਈ ’ਚ ਵੱਡਾ ਵਿਘਨ ਪਿਆ। ਗਲੋਬਲ ਪੱਧਰ ’ਤੇ ਕੋਲਾ, ਗੈਸ, ਪੈਟਰੋਲੀਅਮ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਕਰਕੇ ਵੀ ਜਰਮਨੀ ਦੀਆਂ ਸਨਅਤਾਂ ’ਤੇ ਮੰਦਾ ਪ੍ਰਭਾਵ ਪਿਆ। ਉਦਪਾਦਨ ਵਿਚ ਕਮੀ ਹੁੰਦੀ ਗਈ। ਜਰਮਨੀ ਵੱਲੋਂ ਊਰਜਾ ਕੀਮਤਾਂ ਨੂੰ ਸਥਿਰ ਰੱਖਣ ਲਈ 290 ਬਿਲੀਅਨ ਡਾਲਰ ਦੀ ਮਦਦ ਦੇ ਬਾਵਜੂਦ ਸਥਿਤੀ ਨੇ ਸੁਧਰਨਾ ਤਾਂ ਕੀ ਸੀ, ਉਲਟਾ ਜਰਮਨ ਆਰਥਿਕਤਾ ਸੰਨ 2023 ਵਿਚ 0.3 ਪ੍ਰਤੀਸ਼ਤ ਸੁੰਗੜਦੀ ਨਜ਼ਰ ਆਈ। ਜਰਮਨ ਕੰਪਨੀਆਂ ਵੱਲੋਂ ਚੀਨ ਵਿਚ ਨਿਵੇਸ਼ ਕਰਨ ਦੇ ਵੀ ਨਤੀਜੇ ਉਲਟ ਹੀ ਨਿਕਲੇ। ਚੀਨੀ ਜੋ ਕਦੇ ਜਰਮਨ ਮਰਸੀਡਸ ਤੇ ਬੀਐੱਮਡਬਲਯੂ ਕਾਰਾਂ ਦੇ ਦੀਵਾਨੇ ਸਨ, ਆਰਥਿਕ ਮੰਦੀ ਦਾ ਸ਼ਿਕਾਰ ਹੋਣ ਕਰਕੇ ਇਨ੍ਹਾਂ ਦੀ ਖ਼ਰੀਦ ਤੋਂ ਮੂੰਹ ਫੇਰਨ ਲੱਗ ਪਏ ਹਨ।

ਆਰਥਿਕ ਮੰਦਹਾਲੀ ਕਰਕੇ ਜਰਮਨ ਹੁਨਰਮੰਦੀ ’ਤੇ ਬੁਰਾ ਪ੍ਰਭਾਵ ਵੇਖਣ ਨੂੰ ਮਿਲਿਆ। ਵੀਹਵੀਂ ਸਦੀ ਦੇ 50ਵੇਂ ਅਤੇ 60ਵੇਂ ਦਹਾਕੇ ਵਿਚ ਮਸ਼ਹੂਰ ਵਿੱਤ ਮੰਤਰੀ ਲੁਡਵਿਗ ਅਰਹਾਰਡ ਜੋ ਜਰਮਨ ਦੀ ਆਰਥਿਕ ਖ਼ੁਸ਼ਹਾਲੀ ਦਾ ਪਿਤਾਮਾ ਮੰਨਿਆ ਜਾਂਦਾ ਹੈ ਜੋ ਬਾਅਦ ਵਿਚ ਜਰਮਨੀ ਦਾ ਚਾਂਸਲਰ ਵੀ ਚੁਣਿਆ ਗਿਆ, ਨੇ ਹਰ ਇਕ ਜਰਮਨ ਨਿਵਾਸੀ ਲਈ ਖ਼ੁਸ਼ਹਾਲੀ ਤੇ ਤਰੱਕੀ ਦਾ ਵਾਅਦਾ ਕੀਤਾ ਸੀ। ਉਹ ਇਸ ਦਾ ਆਧਾਰ ਜਰਮਨ ਕਿਰਤੀਆਂ, ਕਿਸਾਨਾਂ, ਹੁਨਰਮੰਦ ਲੋਕਾਂ ਦੀ ਸਖ਼ਤ ਮਿਹਨਤ ਦੇ ਕਿਰਦਾਰ ਨੂੰ ਸਮਝਦੇ ਸਨ। ਪਰ ਅੱਜ ਉਹ ਸਖ਼ਤ ਮਿਹਨਤ ਵਾਲਾ ਸੱਭਿਆਚਾਰ ਤੇ ਕਿਰਦਾਰ ਜਰਮਨਾਂ ’ਚੋਂ ਗਾਇਬ ਹੋ ਗਿਆ ਹੈ। ਜਰਮਨ ਕਦੇ ਸਮਾਜਵਾਦੀ ਭਲਾਈ ਰਾਸ਼ਟਰ ਵਜੋਂ ਸਥਾਪਤ ਮੁਲਕ ਸੀ ਜਿਸ ਵਿਚ ਹਰ ਵਿਅਕਤੀ ਤੇ ਪਰਿਵਾਰ ਆਪਣੀ ਮਦਦ ਆਪ ਕਰਨ ਲਈ ਅੱਗੇ ਆਉਣ ਦੀ ਸੋਚ ਰੱਖਦਾ ਸੀ। ਭਾਈਚਾਰਾ ਤੇ ਰਾਸ਼ਟਰ ਤਾਂ ਹੀ ਇਨ੍ਹਾਂ ਦੀ ਮਦਦ ਲਈ ਆਉਂਦੇ ਜੇ ਇਹ ਆਪਣੇ ਮਕਸਦ ਤੋਂ ਖੁੰਝ ਜਾਂਦੇ। ਸੰਨ 2006 ਵਿਚ ਲੇਬਰ ਮੰਤਰੀ ਫਰਾਂਜ ਮਾਊਂਟਰਫਰਿੰਗ ਨੇ ਬਾਈਬਲ ਦਾ ਇਹ ਕਥਨ, ‘ਜੇ ਇਕ ਵਿਅਕਤੀ ਕੰਮ ਨਹੀਂ ਕਰੇਗਾ, ਉਸ ਨੂੰ ਰੋਟੀ ਨਹੀਂ ਮਿਲੇਗੀ।’ ਕਦੇ ਇਸ ਕਥਨ ਨੂੰ ਸੋਵੀਅਤ ਯੂਨੀਅਨ ਰੂਸ ਨੇ ਆਪਣੇ ਸੰਵਿਧਾਨ ਵਿਚ ਸ਼ਾਮਲ ਕੀਤਾ ਸੀ। ਪਰ ਅਜੋਕੇ ਸਰਮਾਏਦਾਰ ਕਾਰਪੋਰੇਟਵਾਦੀ ਯੁੱਗ ਵਿਚ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਕਾਮਿਆਂ, ਕਿਸਾਨਾਂ, ਹੁਨਰਮੰਦਾਂ ਨੂੰ ਰੋਜ਼ੀ-ਰੋਟੀ ਪ੍ਰਾਪਤ ਨਹੀਂ ਹੁੰਦੀ।

ਅਜਿਹੀ ਸਥਿਤੀ ਵਿਚ ਦੇਸ਼ ਵਿਚ ਹੁਨਰਮੰਦ ਲੇਬਰ ਦੀ ਪੈਦਾ ਹੋਈ ਘਾਟ ਨੂੰ ਪੂਰਾ ਕਰਨ ਲਈ ਚਾਂਸਲਰ ਜਰਹਾਰਡ ਸ਼ੋਡਰ ਅਤੇ ਉਸ ਦੀ ਜਾਨਸ਼ੀਨ ਐਂਜੇਲਾ ਮਰਕਲ ਨੇ ਭਾਰਤ ਵਰਗੇ ਦੇਸ਼ਾਂ ਤੋਂ ਕੰਪਿਊਟਰ ਹੁਨਰਮੰਦ ਵਿਅਕਤੀਆਂ ਨੂੰ ਜਰਮਨ ਰੈਜ਼ੀਡੈਂਸ ਪਰਮਿਟਾਂ ’ਤੇ ਆਉਣ ਦਾ ਸੱਦਾ ਦਿੱਤਾ ਪਰ ਮਸਾਂ 20 ਕੁ ਹਜ਼ਾਰ ਆਈਟੀ ਹੁਨਰਮੰਦ ਕਿਰਤੀ ਹੀ ਜਰਮਨ ਪੁੱਜੇ। ਇਸੇ ਦੌਰਾਨ ਲਗਪਗ 5 ਲੱਖ ਜਰਮਨ ਸਾਇੰਸਦਾਨ ਤੇ ਤਕਨੀਸ਼ੀਅਨ ਚੰਗੇਰੇ ਭਵਿੱਖ ਲਈ ਦੇਸ਼ ਛੱਡ ਗਏ। ਇਸ ਨੁਕਸਾਨ ਲਈ ਮੁੱਖ ਤੌਰ ’ਤੇ ਜ਼ਿੰਮੇਵਾਰ ਰਾਜਨੀਤੀਵਾਨ ਤੇ ਨੀਤੀ ਘਾੜੇ ਸਨ। ਨੀਦਰਲੈਂਡ ਵਰਗੇ ਛੋਟੇ ਜਿਹੇ ਦੇਸ਼ ਵਿਚ ਪਰਵਾਸ ਨੀਤੀ ਇਸ ਕਰਕੇ ਸਫਲ ਹੁੰਦੀ ਵੇਖੀ ਜਾਂਦੀ ਹੈ ਕਿਉਂਕਿ ਉੱਥੇ ਮਿਸਾਲ ਵਜੋਂ 5 ਪਰਵਾਸੀ ਯੂਕਰੇਨੀਆਂ ਵਿੱਚੋਂ 5 ਨੂੰ ਹੀ ਕੰਮ ਉਪਲਬਧ ਹੈ ਜਦਕਿ ਜਰਮਨੀ ਅੰਦਰ 5 ਵਿੱਚੋਂ ਸਿਰਫ਼ ਇਕ ਨੂੰ। ਤੁਰਕੀ, ਯੂਨਾਨ, ਮੋਰਾਕੋ, ਇਟਲੀ, ਅਲਜੀਰੀਆ, ਟਿਊਨੇਸ਼ੀਆ, ਲਿਬੀਆਸ, ਸਾਈਪ੍ਰਸ, ਲੇਬਨਾਨ ਆਦਿ ਦੇਸ਼ਾਂ ਤੋਂ ਪੁੱਜੇ ਪਰਵਾਸੀ ਜਰਮਨ ’ਚ ਨਸਲੀ ਵਿਤਕਰੇ ਦਾ ਸ਼ਿਕਾਰ ਹਨ। ਭਾਵੇਂ ਸੈਮ ਓਜ਼ਦੀਮੀਰ ਪਰਵਾਸੀ ਪੁੱਤਰ ਜਰਮਨ ਫੂਡ ਅਤੇ ਖੇਤੀ ਮੰਤਰੀ ਦੇ ਅਹੁਦੇ ’ਤੇ ਪੁੱਜ ਗਿਆ ਪਰ ਬਾਵਜੂਦ ਇਸ ਦੇ ਪਰਵਾਸੀਆਂ ਨਾਲ ਨਸਲੀ ਨਫ਼ਰਤ ਤੇ ਨਾ-ਬਰਾਬਰੀ ਵਾਲਾ ਮਾਹੌਲ ਜਾਰੀ ਹੈ ਜਿਸ ਦਾ ਮੰਦਾ ਪ੍ਰਭਾਵ ਆਰਥਿਕਤਾ ਤੇ ਹੁਨਰਮੰਦ ਖੇਤਰ ’ਤੇ ਪੈਣਾ ਲਾਜ਼ਮੀ ਹੈ। ਕੋਵਿਡ ਕਾਲ ਵੇਲੇ 28 ਮਹੀਨੇ ਜਿਵੇਂ ਘਰ ਬੈਠੇ ਕਿਰਤੀਆਂ ਨੂੰ 80 ਪ੍ਰਤੀਸ਼ਤ ਉਜਰਤਾਂ ਜਾਰੀ ਰੱਖੀਆਂ ਗਈਆਂ, ਇਸ ਨੇ ਜਰਮਨ ਆਰਥਿਕਤਾ ਦਾ ਘਾਣ ਕਰ ਕੇ ਰੱਖ ਦਿੱਤਾ। ਅਮਰੀਕਾ ਤੇ ਨਾਟੋ ਭਾਈਵਾਲ ਜਰਮਨੀ ਨੂੰ ਯੂਕਰੇਨ ਜੰਗ ’ਚ ਧਕੇਲਣਾ ਚਾਹੁੰਦੇ ਹਨ ਪਰ ਉਹ ਇਨ੍ਹਾਂ ਦੇ ਝਾਂਸੇ ’ਚ ਨਹੀਂ ਆ ਰਿਹਾ। ਵਲਾਦੀਮੀਰ ਪੁਤਿਨ ਸਰਕਾਰ ਨਾਲ ਚੰਗੇਰੇ ਸਬੰਧ ਬਣਾਈ ਰੱਖ ਰਿਹਾ ਹੈ।ਸੁਰੱਖਿਆ ਲਈ ਅਮਰੀਕਾ ’ਤੇ ਨਿਰਭਰ ਹੋਣ ਦੀ ਸਥਿਤੀ ’ਚੋਂ ਬਾਹਰ ਨਿਕਲਣਾ ਚਾਹੁੰਦਾ ਹੈ। ਅਮਰੀਕਾ, ਬ੍ਰਿਟੇਨ, ਫਰਾਂਸ ਤੇ ਨਾਟੋ ਗੱਠਜੋੜ ਨੇ ਹਮੇਸ਼ਾ ਉਸ ਨਾਲ ਵਿਤਕਰਾ ਕੀਤਾ। ਯੂਐੱਨ ਅੰਦਰ ਵੀਟੋ ਸ਼ਕਤੀ ਤੋਂ ਬਾਹਰ ਰੱਖਿਆ। ਅਫ਼ਗਾਨ ਜੰਗ ਸਮੇਂ ਜਰਮਨ ਫ਼ੌਜੀਆਂ ਦੇ ਮੋਟੇ ਹੋਣ ਕਰਕੇ ਟਰੰਪ ਉਨ੍ਹਾਂ ਦੀ ਲੜਾਕੂ ਕੁਸ਼ਲਤਾ ’ਤੇ ਤਨਜ਼ ਕੱਸਦਾ ਸੀ। ਅਜੋਕਾ ਜਰਮਨੀ ਖ਼ੁਦ ਨੂੰ ਸ਼ਾਂਤੀਵਾਦੀ ਸ਼ਕਤੀ ਸਥਾਪਤ ਕਰਨਾ ਚਾਹੁੰਦਾ ਹੈ। ਯੂਕਰੇਨ ਨੂੰ 100 ਬਿਲੀਅਨ ਯੂਰੋ ਦੀ ਆਰਥਿਕ ਮਦਦ ਦੇਣ ਦੇ ਬਾਵਜੂਦ ਤਾਰੁਸ ਨੇ ਮਿਜ਼ਾਈਲ ਤੇ ਹਥਿਆਰਾਂ ਦੀ ਸਪਲਾਈ ਤੋਂ ਨਾਂਹ ਕਰ ਦਿੱਤੀ ਹੈ। ਉਹ ਰੂਸ, ਚੀਨ, ਅਮਰੀਕਾ ਤੇ ਭਾਰਤ ਵਾਂਗ ਸ਼ਿਕਾਰੀ ਰਾਸ਼ਟਰਵਾਦੀ ਦੇਸ਼ ਵਜੋਂ ਉੱਭਰਨ ਤੋਂ ਵੀ ਟਲ ਰਿਹਾ ਹੈ। ਅਜੋਕੇ ਆਰਥਿਕ ਸੰਕਟ, ਹੜਤਾਲਾਂ, ਬਲਾਕੇਡ, ਕਿਸਾਨ-ਮਜ਼ਦੂਰ ਮੰਗਾਂ, ਮਹਿੰਗਾਈ, ਸਨਅਤੀ ਖੜੋਤ, ਨਸਲੀ ਨਫ਼ਰਤ ਜਿਹੀਆਂ ਅੰਦਰੂਨੀ, ਯੂਕਰੇਨ ਤੇ ਇਜ਼ਰਾਈਲ-ਫਲਸਤੀਨ ਜੰਗਾਂ, ਅਮਰੀਕੀ, ਨਾਟੋ ਤੇ ਯੂਰਪੀ ਬਰਾਦਰੀ ਨਾਲ ਸਬੰਧਤ ਬਾਹਰੀ ਚੁਣੌਤੀਆਂ ਨੂੰ ਨਜਿੱਠਣ ਲਈ ਜਰਮਨ ਕ੍ਰਿਸਚੀਅਨ ਤੇ ਸੋਸ਼ਲ ਡੈਮੋਕ੍ਰੈਟ ਤੇ ਲਿਬਰਲਾਂ ਨੂੰ ਇਕਜੁੱਟ ਹੋਣ ਦੀ ਲੋੜ ਹੈ। -(ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ)।

ਸਮਾਜ ਸੇਵੀ ਵੰਡਾ ਰਹੇ ਸਿਕਲੀਗਰਾਂ ਦਾ ਦਰਦ

ਸ

ਭਗਵੰਤ ਮਾਨ ਰਾਜਨੀਤੀ ਨੂੰ ਸੇਵਾ ਸਮਝ ਕੇ ਕਰ ਰਹੇ ਹਨ ਕੰਮ : ਹੇਅਰ

13 ਮੋਹੱਲਾ ਕਲੀਨਿਕ ਇਕੱਲੇ ਲਹਿਰਾ ਹਲਕੇ ਵਿੱਚ : ਗੋਇਲ

ਅਜ਼ਾਦ ਸੋਚ,
ਸ਼ੰਭੂ ਗੋਇਲ,
ਲਹਿਰਾਗਾਗਾ, 15 ਅਪ੍ਰੈਲ :

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਜਨੀਤੀ ਨੂੰ ਸੇਵਾ ਸਮਝ ਕੇ ਕੰਮ ਕਰ ਰਹੇ ਹਨ। ਜਿਸ ਤਹਿਤ ਪਹਿਲੇ ਦੋ ਸਾਲਾਂ ਵਿੱਚ ਹੀ 43000 ਮੁਲਾਜ਼ਮ ਭਰਤੀ ਕੀਤੇ, ਜੋ 73 ਸਾਲਾਂ ਵਿੱਚ ਕਿਸੇ ਵੀ ਸਰਕਾਰ ਨੇ ਦੋ ਸਾਲਾਂ ਦੇ ਅੰਦਰ ਇੰਨੇ ਮੁਲਾਜ਼ਮ ਭਰਤੀ ਨਹੀਂ ਕੀਤੇ। ਇਹ ਵਿਚਾਰ ਸਥਾਨਕ ਸੌਰਵ ਕੰਪਲੈਕਸ ਵਿਖੇ ਕੈਬਨਿਟ ਮੰਤਰੀ ਅਤੇ ਲੋਕ ਸਭਾ ਹਲਕਾ ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਸ ਸਮੇਂ ਹਲਕਾ ਐਮਐਲਏ ਐਡਵੋਕੇਟ ਬਰਿੰਦਰ ਗੋਇਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮੀਤ ਹੇਅਰ ਨੇ ਕਿਹਾ, ਕਿ ਭਗਵੰਤ ਮਾਨ ਦੀ ਸੁਚੱਜੀ ਅਗਵਾਈ ਵਿੱਚ ਸਾਰੀਆਂ ਸੀਟਾਂ ਤੇ ਆਮ ਆਦਮੀ ਪਾਰਟੀ ਜਿੱਤ ਪ੍ਰਾਪਤ ਕਰੇਗੀ। ਹੇਅਰ ਨੇ ਕਿਹਾ ਕਿ ਸੰਗਰੂਰ ਲੋਕ ਸਭਾ ਹਲਕਾ ਆਮ ਆਦਮੀ ਪਾਰਟੀ ਦਾ ਗੜ੍ਹ ਸੀ, ਹੈ ਅਤੇ ਰਹੇਗਾ। ਕਿਉਂਕਿ ਸੰਗਰੂਰ ਤੋਂ ਹੀ ਤੁਸੀਂ ਨੇ ਜਿਤਾ ਕੇ ਭਗਵੰਤ ਮਾਨ ਮੁੱਖ ਮੰਤਰੀ ਬਣਾਇਆ ਹੈ। ਇਸ ਤੋਂ ਇਲਾਵਾ ਤਿੰਨ ਕੈਬਨਟ ਮੰਤਰੀ ਵੀ ਲੋਕ ਸਭਾ ਹਲਕਾ ਸੰਗਰੂਰ ਤੋਂ ਹੀ ਜਿੱਤ ਕੇ ਤੁਸੀ ਨੇ ਬਣਾਏ ਹਨ ।ਇਸ ਲਈ ਇਸ ਵਾਰ ਵੀ ਤੁਹਾਡੇ ਸਹਿਯੋਗ ਨਾਲ ਇਹ ਸੀਟ 3 ਲੱਖ ਦੇ ਮਾਰਜਨ ਨਾਲ ਜਿੱਤਾਂਗੇ। ਉਹਨਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਹੌਸਲੇ ਪਸਤ ਹੋ ਚੁੱਕੇ ਹਨ। ਜਿਨਾਂ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ ਬੀਬੀ ਹਰਸਿਮਰਤ ਕੌਰ ਦੀ ਹਾਰ ਵੀ ਪੱਕੀ ਹੈ ਬੇਸ਼ਕ ਉਹ ਜਿੱਥੋਂ ਮਰਜ਼ੀ ਲੜ ਲਵੇ। ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿੱਚ ਕੋਈ ਵੀ ਸੀਟ ਨਹੀਂ ਆ ਸਕਦੀ। ਇਸ ਸਮੇਂ ਵਿਧਾਇਕ ਵਰਿੰਦਰ ਗੋਇਲ ਨੇ ਮੀਤ ਹੇਅਰ ਦਾ ਸਨਮਾਨ ਕਰਨ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਸਾਡੀ ਸਰਕਾਰ ਨੇ ਚੋਣਾਂ ਸਮੇਂ ਵੋਟਰਾਂ ਨਾਲ ਚਾਰ ਵਅਦੇ ਕੀਤੇ ਸਨ, ਜਿਨਾਂ ਵਿੱਚੋਂ ਬਿਜਲੀ, ਸਿੱਖਿਆ ਅਤੇ ਸਿਹਤ ਸੰਬੰਧੀ ਵਾਅਦੇ ਪੂਰੇ ਕਰ ਦਿੱਤੇ। 13 ਮੋਹੱਲਾ ਕਲੀਨਿਕ ਇਕੱਲੇ ਲਹਿਰਾ ਹਲਕੇ ਵਿੱਚ ਚੱਲ ਰਹੇ ਹਨ ਅਤੇ ਇਸ ਤੋਂ ਇਲਾਵਾ ਸਕੂਲਾਂ ਦੀ ਚਾਰਦੀਵਾਰੀ ਅਤੇ ਹੋਰ ਕੰਮ ਵੀ ਪੂਰੇ ਜ਼ੋਰਾਂ ਵਿੱਚ ਹਨ। ਇਸ ਸਮੇਂ ਵਿਧਾਇਕ ਗੋਇਲ ਦੇ ਓਐਸਡੀ ਰਕੇਸ਼ ਕੁਮਾਰ ਗੁਪਤਾ, ਰਿਟਾਇਰਡ ਐਕਸੀਅਨ ਨਰਿੰਦਰ ਗੋਇਲ, ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਜੀਵਨ ਕੁਮਾਰ ਰੱਬੜ, ਸੀਨੀਅਰ ਆਗੂ ਕੁਲਜਿੰਦਰ ਸਿੰਘ ਢੀਂਡਸਾ, ਆਪ ਆਗੂ ਦੀਪਕ ਜੈਨ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸ਼ਰਮਾ, ਟਰੱਕ ਯੂਨੀਅਨ ਦੇ ਪ੍ਰਧਾਨ ਗੁਰੀ ਚਹਿਲ, ਮਾਰਕੀਟ ਕਮੇਟੀ ਦੇ ਚੇਅਰਮੈਨ ਸ਼ੀਸ਼ਪਾਲ ਆਨੰਦ,ਗਊਸ਼ਾਲਾ ਕਮੇਟੀ ਦੇ ਪ੍ਰਧਾਨ ਸੀਸਪਾਲ ਗਰਗ, ਅਸ਼ਵਨੀ ਕੁਮਾਰ ਆਸ਼ੂ, ਮਾਸਟਰ ਹਰਪਾਲ ਸਿੰਘ, ਗੁਰਪ੍ਰੀਤ ਸਿੰਘ ਰੰਧਾਵਾ, ਟੋਨੀ ਖੰਡੇਬਾਦ, ਬਲਵਿੰਦਰ ਸਿੰਘ, ਕਾਲਾ ਸਿੰਘ, ਭੋਲਾ ਸਿੰਘ, ਮੱਖਣ ਸਿੰਘ, ਬਲਜੀਤ ਸਿੰਘ, ਅਮਰਜੀਤ ਸਿੰਘ, ਬਲਜਿੰਦਰ ਸਿੰਘ ਪੰਚ ਖੰਡੇਬਾਦ, ਚਮਕੌਰ ਸਿੰਘ ਸਰਾਓ, ਮੁਨੀਮ ਯੂਨੀਅਨ ਦੇ ਪ੍ਰਧਾਨ ਵਿੱਕੀ ਸ਼ਰਮਾ, ਸਤੀਸ਼ ਕੁਮਾਰ ਰਿੰਕੂ ਉਮੀਦ ਹੋਰ ਵੀ ਪਾਰਟੀ ਵਰਕਰ ਅਤੇ ਆਗੂ ਮੌਜੂਦ ਸਨ।

ਸਲਾਈਟ ਵਿਖੇ ਵਰਕਸ਼ਾਪ ਦਾ ਆਯੋਜਨ

ਆਜ਼ਾਦ ਸੋਚ,
ਗੁਰਪ੍ਰੀਤ ਸਿੰਘ ਖਾਲਸਾ,
ਲੌਂਗੋਵਾਲ,15 ਅਪ੍ਰੈਲ :

ਬੀਤੇ ਦਿਨੀ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ

ਐਂਡ ਟੈਕਨੋਲੋਜੀ ਵਿਖੇ ਵਿਗਿਆਨ ਭਾਰਤੀ ਸੰਸਥਾ ਦੀ ਜਿਸਤ ਇਕਾਈ ਵੱਲੋਂ ਆਹਾਰ ਕ੍ਰਾਂਤੀ ਨਾਮ ਦੀ ਵਰਕਸ਼ਾਪ ਡਾਇਰੈਕਟਰ ਸਲਾਇਟ ਡਾਕਟਰ ਮਨੀਕਾਂਤ ਪਾਸਵਾਨ ਦੀ ਰਹਿਨੁਮਾਈ ਹੇਠ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਭਾਰਤੀ ਖਾਦ ਨਿਗਮ ਭਾਰਤ ਸਰਕਾਰ ਦੇ ਡਾਇਰੈਕਟਰ ਸ਼੍ਰੀ ਜੀਵਨ ਗਰਗ ਨੇ ਮੁੱਖ ਮਹਿਮਾਨ, ਅਤੇ ਵਿਗਿਆਨ ਭਾਰਤੀ ਸੰਸਥਾ ਵਲੋਂ ਡਾਕਟਰ ਯੋਲੋਜੀ ਰਾਓ ਜੀ ਨੇ ਆਨਲਾਈਨ ਮਾਧਿਅਮ ਰਾਹੀਂ ਹਾਜ਼ਰੀ ਲਗਵਾਈ। ਇਸ ਵਰਕਸ਼ਾਪ ਵਿੱਚ ਉਪਰੋਕਤ ਬੁਲਾਰਿਆਂ ਨੇ ਵਿਦਿਅਰਥੀਆਂ ਨੂੰ ਜੰਕ ਫੂਡ ਅਤੇ ਪੈਕਡ ਫੂਡ ਦੇ ਨੁਕਸਾਨ ਗਿਣਉਂਦੇ ਹੋਏ ਘਰੇਲੂ ਬਣੇ ਭੋਜਨ ਅਤੇ ਖਾਣ ਦੀਆਂ ਵਸਤਾਂ ਨੂੰ ਆਹਾਰ ਵਿੱਚ ਸ਼ਾਮਿਲ ਕਰਨ ਉਪਰ ਜੋਰ ਦਿੱਤਾ। ਉਨ੍ਹਾਂ ਨੇ ਅਜੋਕੇ ਸਮੇਂ ਵਿੱਚ ਵੱਧ ਰਹੀਆਂ ਬਿਮਾਰੀਆਂ ਦਾ ਕਾਰਨ ਵੀ ਸਹੀ ਆਹਾਰ ਦੀ ਜਾਣਕਾਰੀ ਨਾ ਹੋਣ ਨੂੰ ਦੱਸਿਆ, ਇਸ ਕਰਕੇ ਇਹ ਨਿਵੇਕਲਾ ਪ੍ਰੋਗਰਾਮ ਆਹਾਰ ਕ੍ਰਾਂਤੀ ਪੂਰੇ ਦੇਸ਼ ਵਿੱਚ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਦੱਸਿਆ ਜਾ ਰਿਹਾ ਹੈ ਕਿ ਸਾਨੂੰ ਕੀ ਖਾਣਾ ਚਾਹੀਦਾ, ਕਿਸ ਰੂਪ ਚ ਖਾਣਾ ਚਾਹੀਦਾ ਅਤੇ ਕਦੋਂ ਖਾਣਾ ਚਾਹੀਦਾ ਹੈ। ਇਸ ਮੌਕੇ ਪ੍ਰੋ. ਰਾਜੇਸ਼ ਕੁਮਾਰ, ਪ੍ਰੋ. ਗੁਲਸ਼ਨ ਜਾਵਾ, ਪ੍ਰੋ. ਵਿਕਾਸ ਨੰਦਾ, ਪ੍ਰੋ. ਸਕਸੈਨਾ, ਪ੍ਰੋ. ਨਵਨੀਤ ਕੁਮਾਰ,ਵਿਗਿਆਨ ਭਾਰਤੀ ਵੱਲੋਂ ਸ਼੍ਰੀ ਅਰੁਣ ਗਰਗ ਅਤੇ ਸੁਮੀਤ ਗੁਪਤਾ ਹਾਜ਼ਰ ਸਨ।

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਵੱਖ ਵੱਖ ਸਕੂਲਾਂ ਦੀ ਕੀਤੀ ਗਈ ਅਚਨਚੇਤ ਚੈਕਿੰਗ

ਆਜ਼ਾਦ ਸੋਚ,
ਵਿਸ਼ਾਲ ਕਟਾਰੀਆ,
ਤਰਨਤਾਰਨ,15 ਅਪ੍ਰੈਲ :

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸ਼੍ਰੀ ਸੰਦੀਪ ਕੁਮਾਰ ਆਈ.ਏ.ਐਸ. ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾ ਹੇਠ ਸਿਵਲ ਰਿਟ ਪਟੀਸ਼ਨ ਨੰ 6907 ਆਫ਼ 2009 ਤਹਿਤ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਜਾਰੀ ਹੋਏ ਹੁਕਮਾ ਨੂੰ ਸਖਤੀ ਨਾਲ ਲਾਗੂ ਕਰਨ ਲਈ ਸ਼੍ਰੀ ਰਾਜੇਸ਼ ਕੁਮਾਰ ਜਿਲ੍ਹਾ ਬਾਲ ਸੁਰੱਖਿਆ ਅਫਸਰ ਤਰਨ ਤਾਰਨ ਵਲੋਂ ਜਿਲ੍ਹੇ ਦੇ ਵੱਖ ਵੱਖ ਸਕੂਲਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ ਅਤੇ 43 ਸਕੂਲੀ ਵਾਹਨਾ ਦੇ ਚਲਾਨ ਕੀਤੇ। ਸ਼੍ਰੀ ਰਾਜੇਸ਼ ਕੁਮਾਰ ਨੇ ਦੱਸਿਆ ਕਿ ਸੈਫ ਸਕੂਲ ਵਾਹਨ ਪੋਲਸੀ ਤਹਿਤ ਸਕੂਲੀ ਬਸਾਂ ਵਿੱਚ ਫੁਟ ਸਟੈਪ ਦੀ ਉਚਾਈ 220 ਮਿ.ਮੀ. ਤੋਂ ਜਿਆਦਾ ਨਹੀ ਹੋਣੀ ਚਾਹੀਂਦੀ,ਸੀ.ਸੀ.ਟੀ.ਵੀ. ਦੀ ਫੁਟੇਜ 60 ਦਿਨ ਤੱਕ ਸੰਭਾਲ ਕੇ ਰਖਣਾ ਜਰੂਰੀ ਹੈ, ਸਕੂਲ ਬੱਸ ਤੇ ਸਕੂਲ ਦਾ ਨਾਅ ਅਤੇ ਫੋਨ ਨੰਬਰ ਲਿਖਿਆ ਹੋਣਾ ਲਾਜਮੀ ਹੈ, ਸਕੂਲ ਬਸ ਡਰਾਈਵਰ ਨੇ ਫਿਕੇ ਨੀਲੇ ਰੰਗ ਦੀ ਕਮੀਜ ਪੈਂਟ ਅਤੇ ਕਾਲੇ ਬੂਟ ਪਾਏ ਹੋਣ, ਡਰਾਇਵਰ ਦੇ ਨਾਂਅ ਵਾਲੀ ਆਈ.ਡੀ. ਪਲੇਟ ਲਗੀ ਹੋਵੇ, ਡਰਾਇਵਰ ਕੋਲ ਸਾਰੇ ਬੱਚਿਆਂ ਦੇ ਨਾਅ ਪਤਾ ਕਲਾਸ ਬਲੱਡ ਗਰੁਪ ਵਾਲੀ ਲਿਸਟ ਹੋਵੇ,ਸਕੂਲ ਬੱਸ ਚ ਸਮਰਥਾ ਤੋਂ ਵੱਧ ਬੱਚੇ ਨਾ ਬਿਠਾਏ ਜਾਣ,ਸਕੂਲ ਬੱਸ ਚ ਅੱਗ ਬੁਝਾਉਣ ਵਾਲਾ ਯੰਤਰ ਹੋਣਾ ਜਰੂਰੀ ਹੈ,ਜੇਕਰ ਬੱਸ ਕਿਰਾਏ ਤੇ ਲਈ ਹੈ ਤਾਂ ਔਨ ਸਕੂਲ ਡਿਉਟੀ ਦਾ ਬੇਨਰ ਜਰੂਰੀ ਹੈ, ਸਕੂਲ ਬੱਸ ਨੂੰ ਸੁਨਹਿਰੀ ਪੀਲਾ ਰੰਗ ਕੀਤਾ ਹੋਣਾ ਜਰੂਰੀ ਹੈ,ਇੱਕ ਐਮਰਜੈਂਸੀ ਤਾਕੀ ਅੱਗੇ ਅਤੇ ਪਿਛੇ ਜਰੂਰੀ ਹੈ,ਸਕੂਲ ਬੱਸ ਦੇ ਚਾਰੇ ਪਾਸੇ ਸਕੂਲ ਬੱਸ ਲਿਖਿਆ ਹੋਣਾ ਜਰੂਰੀ ਹੈ, ਸਕੂਲ ਬੱਸ ਦੇ ਡਰਾਇਵਰ ਕੋਲ ਚਾਰ ਸਾਲ ਦਾ ਤਜਰਬਾ ਹੋਣਾ ਜਰੂਰੀ ਹੈ,ਸਕੂਲ ਬੱਸ ਵਿੱਚ ਬੱਚਿਆਂ ਦੇ ਬੈਗ ਰਖਣ ਲਈ ਵਖਰੀ ਜਗ੍ਹਾ ਹੋਵੇ,ਸਕੂਲ ਬੱਸ ਵਿੱਚ ਫਸਟ ਏਡ ਬੋਕਸ ਹੋਣਾ ਲਾਜਮੀ ਹੈ,ਸਕੂਲ ਬੱਸ ਦੀ ਤਾਕੀਆਂ ਦੇ ਲੋਕ ਠੀਕ ਹੋਣਾ ਲਾਜਮੀ ਹੈ,ਸਕੂਲ ਬੱਸ ਵਿੱਚ ਜੀ.ਪੀ.ਐਸ. ਲੱਗਾ ਹੋਣਾ ਲਾਜਮੀ ਹੈ,ਸਕੂਲ ਬੱਸ ਚ ਸਪੀਡ ਗਵਰਨਰ ਲਗੀਆਂ ਹੋਣਾ ਚਾਹਿੰਦਾ ਹੈ,ਸਕੂਲ ਬੱਸ ਦੇ ਬਾਹਰ ਗਰਿਲ ਲਗੀ ਹੋਣਾ ਜਰੂਰੀ ਹੈ ਜੇਕਰ ਕੋਈ ਵੀ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀ ਕਰਦਾ ਤਾਂ ਸਕੂਲ ਮੁੱਖੀ ਅਤੇ ਡਰਾਇਵਰ ਤੇ ਨਿਯਮ ਨਾ ਮੰਨਣ ਤੇ ਧਾਰਾ 188 ਅਧੀਨ ਮਾਮਲਾ ਦਰਜ ਕੀਤਾ ਜਾਣਾ ਹੈ । ਮਾਨਯੋਗ ਡਿਪਟੀ ਕਮਿਸ਼ਨਰ ਤਰਨ ਤਾਰਨ ਜੀ ਨੇ ਸਮੂਹ ਏਡਿਡ ਪ੍ਰਾਇਵੇਟ ਅਤੇ ਅਨ- ਏਡਿਡ ਪ੍ਰਾਇਵੇਟ ਸਕੂਲਾਂ ਵਲੋਂ ਅੰਤਿਮ ਮਿਤੀ 30.04.2024 ਤੱਕ ਆਪਣੇ ਸਕੂਲੀ ਵਾਹਨ ਅਤੇ ਉਨ੍ਹਾਂ ਦੇ ਸਕੂਲਾਂ ਵਿੱਚ ਮਾਤਾ ਪਿਤਾ ਵਲੋਂ ਲਗਾਏ ਗਏ ਪ੍ਰਾਇਵੇਟ ਵਾਹਨਾ ਨੂੰ ਸੇਫ ਸਕੂਲ ਵਾਹਨ ਪੋਲਸੀ ਤਹਿਤ ਨਿਯਮਾਂ ਨੂੰ ਮੁਕੰਮਲ ਕਰਨ ਲਈ ਸਖਤ ਹਦਾਇਤ ਕੀਤੀ ਹੈ । ਜੇਕਰ ਸਿਵਲ ਰੀਟ ਪਟੀਸ਼ਨ ਨੰ 6907 ਆਫ਼ 2009 ਤਹਿਤ ਕੀਤੇ ਹੁਕਮਾਂ ਦੀ ਪਾਲਣਾ ਨਹੀ ਕੀਤੀ ਗਈ ਤਾਂ ਵਿਭਾਗੀ ਕਾਰਵਾਈ ਲਈ ਸਬੰਧਤ ਏਡਿਡ ਪ੍ਰਾਇਵੇਟ ਅਤੇ ਅਨ- ਏਡਿਡ ਪ੍ਰਾਇਵੇਟ ਸਕੂਲਾਂ ਦੇ ਮੁੱਖੀ ਜਿਮੇਵਾਰ ਹੋਣਗੇ ਜਿਸ ਵਿੱਚ ਉਨ੍ਹਾ ਖਿਲਾਫ਼ ਐਫਆਈਆਰ ਅਤੇ ਜੁਰਮਾਨਾ ਕੀਤਾ ਜਾਵੇਗਾ ਅਤੇ ਸਰਕਾਰ ਨੂੰ ਮਾਨਤਾ ਰੱਦ ਕਰਨ ਲਈ ਲਿਖਿਆ ਜਾਵੇਗਾ 9 ਸੈਫ ਸਕੂਲ ਵਾਹਨ ਪਾਲਸੀ ਤਹਿਤ ਜੇਕਰ ਮਿਤੀ 30 ਅਪ੍ਰੈਲ 2024 ਤੱਕ ਨਿਯਮਾਂ ਦੀ ਪਾਲਣਾ ਨਹੀ ਕੀਤੀ ਗਈ ਤਾਂ ਜਿਨ੍ਹਾ ਸਕੂਲੀ ਬਸਾ ਵਿੱਚ ਖਾਮੀਆਂ ਪਾਇਆ ਗਾਈਆਂ ਉਨ੍ਹਾਂ ਨੂੰ ਬੰਦ ਕਰ ਦਿਤਾ ਜਾਵੇਗਾ ਅਤੇ ਸਕੂਲ ਮੁੱਖੀ ਖਿਲਾਫ਼ ਕਾਰਵਾਈ ਕੀਤੀ ਜਾਵੇਗੀ ।ਅੱਜ ਦੀ ਚੈਕਿੰਗ ਦੋਰਾਨ ਸੁਖਮਨਜੀਤ ਸਿੰਘ ਬਾਲ ਸੁੱਰਖਿਆ ਅਫਸਰ, ਗੁਰਮੱਤ ਸਿੰਘ ਸਿਖਿਆ ਵਿਭਾਗ , ਟ੍ਰੈਫ਼ਿਕ ਇੰਚਾਰਜ ਹਰਜਿੰਦਰ ਸਿੰਘ , ਵਿਕਰਮਜੀਤ ਸਿੰਘ ਅਤੇ ਪਰਮਜੀਤ ਸਿੰਘ ਤਰਨਤਾਰਨ ਸ਼ਾਮਲ ਸਨ ।

ਖੁੱਡੀਆਂ ਵੱਲੋਂ ਪਾਰਟੀ ਵਰਕਰਾਂ ਨਾਲ ਕੀਤੀ ਮਿਲਣੀ ਨੇ ਧਾਰਿਆ ਰੈਲੀ ਦਾ ਰੂਪ

ਅਮੀਤ ਖੁਡੀਆਂ ਨੇ ਆਪਣੇ ਪਿਤਾ ਗੁਰਮੀਤ ਸਿੰਘ ਖੁਡੀਆ ਲਈ ਮੰਗੀਆਂ ਵੋਟਾਂ

ਆਜ਼ਾਦ ਸੋਚ,
ਵਿਰੇਂਦਰਪਾਲ ਮੰਡਰੋ,
ਜੋਗਾ, 15 ਅਪ੍ਰੈਲ :

ਲੋਕ ਸਭਾ ਦੀਆਂ ਚੋਣਾਂ ਦਾ ਅਖਾੜਾ ਭੱਖ ਚੁੱਕਿਆ ਹੈ । ਹਰ ਪਾਰਟੀ ਦੇ ਉਮੀਦ ਆਪਣੇ ਆਪਣੇ ਹਲਕਿਆਂ ਚ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹਾਂ ਉੱਥੇ ਹੀ ਬਠਿੰਡਾ ਲੋਕ ਸਭਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁਡੀਆ ਦੇ ਪੁੱਤਰ ਅਮਿਤ ਸਿੰਘ ਖੁਡੀਆ ਨੇ ਜਿਲਾ ਮਾਨਸਾ ਦੇ ਕਸਬਾ ਜੋਗਾ ਦੇ ਅਧੀਨ ਆਉਂਦੇ ਵੱਖ ਵੱਖ ਪਿੰਡਾਂ ਅਕਲੀਆ ਝੱਬਰ ਜੋਗਾ ਦਾ ਤੂਫਾਨੀ ਦੌਰਾ ਕਰਕੇ ਪਾਰਟੀ ਦੇ ਵਰਕਰ ਨਾਲ ਮਿਲਣੀ ਕੀਤੀ ਇਸ ਮਿਲਣੀ ਵਿੱਚ ਵਰਕਰਾਂ ਦਾ ਉਤਸਾਹ ਵੇਖਣ ਨੂੰ ਮਿਲਿਆ ਇਹ ਵਰਕਰ ਮਿਲਣੀ ਇੱਕ ਰੈਲੀ ਦਾ ਰੂਪ ਧਾਰਨ ? ਕਰ ਗਈ ਸੀ ਜੋਗਾ ਵਾਸੀਆਂ ਨੂੰ ਪੁਰਜੋਰ ਅਪੀਲ ਕਰਦੇ ਹੋਏ ਕਿਹਾ ਕਿ ਤੁਸੀਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁਡੀਆ ਨੂੰ ਇੱਕ ਜੁੱਟ ਓਕੇ ਵੋਟਾਂ ਪਾ ਕੇ ਕਾਮਯਾਬ ਕਰੋ ਉਹਨਾਂ ਨੇ ਸਰਕਾਰ ਦੇ ਕੰਮਾਂ ਬਾਰੇ ਜਾਣੂ ਕਰਵਾਇਆ ਉਹਨਾਂ ਕਿਹਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਇੱਕ ਇਮਾਨਦਾਰ ਦੇ ਪੰਜਾਬ ਹਿੱਤ ਵਾਲੀ ਸਰਕਾਰ ਹੈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਇੱਕ ਇਮਾਨਦਾਰ ਅਤੇ ਮਿਹਨਤ ਕਰਨ ਵਾਲੇ ਮੁੱਖ ਮੰਤਰੀ ਹਨ ਉਹਨਾਂ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਚ ਜਿੰਨ੍ਹਾਂ ਨੂੰ ਵੀ ਨੌਕਰੀ ਮਿਲੀ ਹੈ ਬਿਨਾਂ ਸਿਪਾਰਸ ਬਿਨਾਂ ਰਿਸ਼ਵਤ ਮੈਰਿਟ ਦੇ ਅਧਾਰ ਤੇ ਨਿਰਪੱਖ ਨੌਕਰੀਆਂ ਮਿਲੀਆਂ ਹਨ ਉਹਨਾਂ ਕਿਹਾ ਕੁਝ ਕੰਮ ਰਹਿੰਦੇ ਨੇ ਜੋ ਉਹ ਵੀ ਰਹਿੰਦੇ ਸਮੇਂ ਪੂਰੇ ਕੀਤੇ ਜਾਣਗੇ ਅਮਿਤ ਸਿੰਘ ਗੁਡੀਆ ਨੇ ਨਸ਼ਿਆਂ ਅਤੇ ਗੈਂਗਸਟਰ ਤੇ ਬੋਲਦਿਆ ਕਿਹਾ ਕੀ ਇਹ ਸਮਾਜਿਕ ਮੁੱਦਾ ਹੈ ਕੋਈ ਵੀ ਸਰਕਾਰ ਜਾਂ ਅਫਸਰ ਨਹੀਂ ਚਾਹੁੰਦਾ ਕਿ ਸਾਡੇ ਸੂਬੇ ਚ ਜਾਂ ਇਲਾਕੇ ਚ ਸ਼ਾਂਤੀ ਭੰਗ ਹੋ ।ਉਹਨਾਂ ਕਿਹਾ ਕਿ ਸਰਕਾਰ ਪੂਰੇ ਯਤਨ ਕਰ ਰਹੀ ਹੈ ਨਸ਼ਾ ਤਸਕਰਾਂ ਦੇ ਖਿਲਾਫ ਵੱਡੀਆਂ ਸਖ਼ਤ ਕਾਰਵਾਈਆਂ ਕਰ ਰਹੀ ਹੈ । ਇਸ ਮੌਕੇ ਪ੍ਰਧਾਨ ਸੁਖਪਾਲ ਸਿੰਘ ਪਾਲੂ ਗੰਡਾ, ਬਲਾਕ ਪ੍ਰਧਾਨ ਜਸਵੀਰ ਸਿੰਘ, ਐਸੀ ਵਿੰਗ ਕਮੇਟੀ ਗੁਰਸੇਵਕ ਸਿੰਘ, ਅਮਰਜੀਤ ਸਿੰਘ ਗੋਗਾ, ਬਲਦੇਵ ਸਿੰਘ, ਜਸਵੀਰ ਸਿੰਘ, ਲੋਕ ਗਾਇਕ ਹਰਜੀਤ ਜੋਗਾ ,ਰਾਜੂ ਜੋਗਾ, ਜਗਦੀਪ ਜੋਗਾ। ਅਮਰਜੀਤ ਸਿੰਘ ਗੋਗਾ, ਬਲਦੇਵ ਸਿੰਘ ਆਰੇਵਾਲਾ, ਦਰਸ਼ਨ ਸਿੰਘ ਸ਼ੇਖੂਕਾ, ਮੀਤ ਸਾਊਂਡ ਜੋਗਾ, ਸੁਸਾਇਟੀ ਪ੍ਰਧਾਨ ਸੁਖਪਾਲ ਸਿੰਘ ਪਾਲੂ ਗੰਡਾ, ਬਲਵਿੰਦਰ ਸਿੰਘ ਢਿੱਲੋਂ, ਮਿੰਟਾ ਰਿਖੀ,ਸੀਰਾ ਮੌੜ,ਗਮਦੂਰ ਸਿੰਘ ਗੂਰਾ,ਅਜਮੇਰ ਸਿੰਘ,ਜਗਰਾਜ ਸਿੰਘ ਜਾਜੋ,ਗੁਰਤੇਜ ਸਿੰਘ ਐਮ ਸੀ,ਜਗਸੀਰ ਸਿੰਘ ਸੀਰਾ, ਅੱਛਾ ਵੱਡੀ ਗਿਣਤੀ ਚ ਪਾਰਟੀ ਦੇ ਵਰਕਰ ਵੋਟਰ ਸਪੋਰਟਰ ਅਤੇ ਔਰਤਾਂ ਹਾਜ਼ਰ ਸਨ।

ਸ਼ਿਵ ਸ਼ਕਤੀ ਆਯੁਰਵੈਦਿਕ ਕਾਲਜ ਦਾ ਨਤੀਜਾ ਰਿਹਾ ਸ਼ਾਨਦਾਰ

ਆਜ਼ਾਦ ਸੋਚ,
ਪਰਿਸ ਜਿੰਦਲ,
ਭੀਖੀ, 15 ਅਪ੍ਰੈਲ :

ਗੁਰੂ ਰਵੀਦਾਸ ਆਯੁਰਵੈਦਿਕ ਯੂਨੀਵਰਸਿਟੀ ਹੁਸ਼ਿਆਰਪੁਰ ਵੱਲੋਂ ਐਲਾਨੇ ਗਏ ਬੀ.ਏ.ਐਮ.ਐਸ. ਭਾਗ ਤੀਸਰਾ ਦੇ ਨਤੀਜੇ ਦੌਰਾਨ ਸਥਾਨਕ ਸ਼ਿਵ ਸ਼ਕਤੀ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਹਾਸਲ ਕਰਕੇ ਸੰਸ

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸਨ ਪੰਜਾਬ ਬਲਾਕ ਮਾਨਸਾ ਦੀ ਹੋਈ ਵਿਸ਼ੇਸ਼ ਮੀਟਿੰਗ

ਆਜ਼ਾਦ ਸੋਚ, ਵਿਰੇਂਦਰਪਾਲ ਮੰਤਰੋ, ਮਾਨਸਾ, 15 ਅਪ੍ਰੈਲ :

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਦੇ ਬਲਾਕ ਮਾਨਸਾ ਦੀ ਵਿਸ਼ੇਸ਼ ਮੀਟਿੰਗ ਅਮਰ ਰਿਜੋਰਟ ਵਿਖੇ ਬਲਾਕ ਮਾਨਸਾ ਦੇ ਪ੍ਰਧਾਨ ਪ੍ਰੇਮ ਗਰਗ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਇਲਾਕੇ ਭਰ ਦੇ ਮੈਡੀਕਲ ਪੈ ?ਕਟੀਸ਼ਨਰਾਂ ਨੇ ਸ਼ਮੂਲੀਅਤ ਕੀਤੀ ਅਤੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਜ਼ਿਲ੍ਹਾ ਸਕੱਤਰ ਸਿਮਰਜੀਤ ਸਿੰਘ ਗਾਗੋਵਾਲ, ਪ੍ਰੈਸ ਸਕੱਤਰ ਮੈਂਗਲ ਸਿੰਘ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮੀਟਿੰਗ ਦੀ ਸ਼ੁਰੂਆਤ ਪਿਛਲੇ ਦਿਨੀਂ ਜਥੇਬੰਦੀ ਵਿੱਚੋਂ ਵਿਛੜੇ ਸਾਥੀਆਂ ਅਤੇ ਪਰਿਵਾਰਕ ਮੈਂਬਰਾਂ ਨੂੰ ਸ਼ਰਧਾਂਜਲੀ ਦੇ ਕੇ ਕੀਤੀ ਗਈ। ਜਥੇਬੰਦਕ ਤੌਰ ਤੇ ਚੇਤਨ ਕਰਦਿਆਂ ਆਗੂਆਂ ਨੇ ਜਥੇਬੰਦੀ ਦੀਆਂ ਮੀਟਿੰਗਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ ਅਤੇ ਉਲੀਕੇ ਜੱਥੇਬੰਦਕ ਕਾਰਜਾਂ, ਮੈਂਬਰਸ਼ਿਪ ਵਧਾਉਣ ਅਤੇ ਜਥੇਬੰਦੀ ਦੀ ਬੇਹਤਰੀ ਲਈ ਤਨਦੇਹੀ ਅਤੇ ਸਹਿਨਸ਼ੀਲਤਾ ਨਾਲ ਕਾਰਜ ਕਰਨ ਅਤੇ ਸਾਫ ਸੁਥਰੀ ਪ੍ਰੈਕਟਿਸ ਦੇ ਨਾਲ ਨਾਲ ਨਸ਼ਿਆਂ ਅਤੇ ਭਰੂਣ ਹੱਤਿਆਂ ਵਰਗੀਆਂ ਸਮਾਜਿਕ ਕੁਰੀਤੀਆਂ ਖ਼ਿਲਾਫ਼ ਪਿਰਤ ਅਨੁਸਾਰ ਜਨ ਜਾਗ੍ਰਤੀ ਵਰਗੇ ਕਾਰਜ਼ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਵਿਸਾਖੀ ਅਤੇ ਬਾਬਾ ਸਾਹਿਬ ਡਾ ? ਭੀਮਰਾਓ ਅੰਬੇਦਕਰ ਦੇ ਜਨਮ ਦਿਵਸ਼ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ। ਸੂਬਾ ਪ੍ਰਧਾਨ ਧੰਨਾ ਮੱਲ ਗੋਇਲ , ਬਲਾਕ ਪ੍ਰਧਾਨ ਪ੍ਰੇਮ ਗਰਗ ਨੇ ਸੰਬੋਧਨ ਕਰਦਿਆਂ ਮੌਜੂਦਾ ਚੋਣਾਂ ਦੇ ਸਮੇਂ ਵਿੱਚ ਵੋਟਾਂ ਮੰਗਣ ਆਉਣ ਵਾਲੀਆਂ ਰਾਜਨੀਤਕ ਪਾਰਟੀਆਂ ਅਤੇ ਮੌਜੂਦਾ ਸਰਕਾਰ ਦੇ ਨੁਮਾਇੰਦਿਆਂ ਨੂੰ ਜ਼ਾਬਤੇ ਵਿੱਚ ਰਹਿਕੇ ਲੋਕਾਂ ਨਾਲ ਕੀਤੇ ਵਾਅਦੇ ਸਿਹਤ , ਸਿੱਖਿਆ, ਰੁਜ਼ਗਾਰ ਅਤੇ ਸਾਡੀਆਂ ਮੰਗਾਂ ਪ੍ਰਤੀ ਸਵਾਲ ਪੁੱਛਣੇ ਚਾਹੀਦੇ ਹਨ। ਵਿਧਾਨ ਸਭਾ ਦੇ ਸੈਸ਼ਨਾਂ ਵਿੱਚ ਬੇਸ਼ੱਕ ਮਾਨਯੋਗ ਚਾਰ ਵਿਧਾਇਕਾਂ ਵੱਲੋਂ ਸਾਡੀਆਂ ਮੰਗਾਂ ਨਾਲ ਸਹਿਮਤੀ ਜਤਾਉਂਦਿਆਂ ਟ੍ਰੇਨਿੰਗ ਦੇ ਕੇ ਕਾਨੂੰਨੀ ਮਾਨਤਾ ਦੇਣ ਦੀ ਪੁਰਜ਼ੋਰ ਮੰਗ ਕਰਨ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਸੂਬਾ ਇਜਲਾਸ ਬਾਰੇ ਜਾਣਕਾਰੀ ਦਿੰਦਿਆਂ ਰੀਵਿਊ ਰਿਪੋਰਟ ਦਾ ਖਰੜਾ ਵੀ ਸਾਂਝਾ ਕੀਤਾ ਅਤੇ ਜਲਦੀ ਪ੍ਰਤੀਕਰਮ ਦੇਣ ਲਈ ਪ੍ਰੇਰਿਆ ਅਤੇ ਕਿਹਾ ਕਿ ਸਾਡੀ ਜਥੇਬੰਦੀ ਦਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ । ਜਥੇਬੰਦੀ ਨੂੰ ਹੋਰ ਮਜ਼ਬੂਤ ਅਤੇ ਵਿਸ਼ਾਲ ਕਰਨ ਦਾ ਸੱਦਾ ਦਿੰਦਿਆਂ ਅਜੋਕੇ ਸਮੇਂ ਭਰਾਤਰੀ ਜਥੇਬੰਦੀਆਂ ਨਾਲ ਭਰਾਤਰੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਤੇ ਜੋਰ ਦਿੱਤਾ। ਕੈਸ਼ੀਅਰ ਲਾਭ ਸਿੰਘ ਵੱਲੋਂ ਲੇਖੇ ਜੋਖੇ ਦੀ ਰਿਪੋਰਟ ਵੀ ਪੇਸ਼ ਕੀਤੀ ਗਈ ਅਤੇ ਸਹਾਇਕ ਕੈਸ਼ੀਅਰ ਦੇ ਤੌਰ ਤੇ ਸੁਖਪ੍ਰੀਤ ਸਿੰਘ ਦੀ ਚੋਣ ਕੀਤੀ ਗਈ। ਇਸ ਸਮੇਂ ਬਲਾਕ ਸਕੱਤਰ ਜਗਸੀਰ ਸਿੰਘ ਭੈਣੀ ਬਾਘਾ , ਕਰਮਜੀਤ ਸਿੰਘ, ਚਿਮਨ ਲਾਲ, ਮਨੋਜ ਖਿਆਲਾ, ਸੁਖਦਰਸ਼ਨ ਖਾਰਾ, ਮੱਖਣ ਸਿੰਘ ਖੋਖਰ , ਜਗਰੂਪ ਸਿੰਘ , ਸੁਧੀਰ ਚਿਲਾਣਾ, ਗੁਰਪ੍ਰੀਤ ਕੋਟ , ਸਤੀਸ਼ ਮਿੱਢਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

ਕਾਂਗਰਸੀਆਂ ਵਰਕਰਾਂ ਨੇ ਖਹਿਰਾ ਨੂੰ ਟਿਕਟ ਮਿਲਣ ਦੀ ਖੁਸ਼ੀ ਵਿਚ ਵੰਡੇ ਲੱਡੂ

ਆਜ਼ਾਦ ਸੋਚ, ਸੰਜੀਵ ਝਨੇੜੀ, ਭਵਾਨੀਗੜ੍ਹ, 15 ਅਪ੍ਰੈਲ :

ਅੱਜ ਬਲਾਕ ਭਵਾਨੀਗੜ੍ਹ ਦੇ ਪੰਚਾਂ-ਸਰਪੰਚਾਂ ਨੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਵਿਧਾਇਕ ਭੁਲੱਥ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਦਾ ਉਮੀਦਵਾਰ ਬਣਾਉਣ ਦੀ ਖੁਸ਼ੀ ਵਿਚ ਸਥਾਨਕ ਪਟਿਆਲਾ ਰੋਡ ਤੇ ਸਰਪੰਚ ਪੈਸਟੀਸਾਈਡ ਅੱਗੇ ਲੱਡੂ ਵੰਡੇ ਗਏ। ਸੁਖਪਾਲ ਸਿੰਘ ਖਹਿਰਾ ਭੁਲੱਥ ਤੋਂ ਤਿੰਨ ਵਾਰ ਵਿਧਾਇਕ ਬਣੇ ਹਨ। ਉਹ ਵਿਰੋਧੀ ਧਿਰ ਨੂੰ ਲੋਕ ਮੁੱਦਿਆਂ ਉੱਤੇ ਝੁਕਾਅ ਦੇਣ ਵਿੱਚ ਮਾਹਿਰ ਹਨ। ਪੰਚਾਇਤ ਯੂਨੀਅਨ ਭਵਾਨੀਗੜ੍ਹ ਸ. ਖਹਿਰਾ ਪੂਰਨ ਸਮਰਥਨ ਕਰਦੀ ਹੈ। ਆਗੂਆਂ ਨੇ ਦੱਸਿਆ ਕਿ ਕੱਟੜਪੰਥੀਆਂ ਨੂੰ ਲੋਕ ਮੂੰਹ ਨਹੀਂ ਲਾਉਣਗੇ। ਸੰਗਰੂਰ 'ਚ ਅਕਾਲੀ ਦਲ ਦੀ ਸਥਿਤੀ ਆਪਸੀ ਧੜੇਬੰਦੀ ਕਾਰਨ ਸ਼ਿਖਰਾਂ ਉੱਤੇ ਹੈ। ਪੰਚਾਇਤ ਯੂਨੀਅਨ ਭਵਾਨੀਗੜ੍ਹ ਨੇ ਸੁਖਪਾਲ ਸਿੰਘ ਖਹਿਰਾ ਨੂੰ ਕਾਂਗਰਸ ਹਾਈਕਮਾਂਡ ਵੱਲੋਂ ਟਿਕਟ ਦਾ ਧੰਨਵਾਦ ਕੀਤਾ। ਇਸ ਇਲਾਵਾ ਖੁਸ਼ੀ ਵਿੱਚ ਲੱਡ ਵੰਡੇ। ਇਸ ਮੌਕੇ ਜਗਤਾਰ ਸਿੰਘ ਸਰਪੰਚ ਮੱਟਰਾਂ, ਹਰਪ੍ਰੀਤ ਸਿੰਘ ਬਾਜਵਾ ਜੀਵਨ ਸਿੰਘ ਸਰਪੰਚ ਰਾਏ ਸਿੰਘ ਵਾਲਾ, ਚੇਅਰਮੈਨ ਵਰਿੰਦਰ ਪੰਨਵਾਂ, ਸਾਹਿਬ ਸਿੰਘ ਸਰਪੰਚ ਭੜੋ, ਨਾਨਕ ਚੰਦ ਨਾਇਕ, ਅਮਰ ਸਿੰਘ ਫਤਿਹਗੜ੍ਹ ਭਾਦਸੋਂ, ਹਿੰਮਤ ਸਿੰਘ ਕਾਹਨਗੜ੍ਹ, ਪ੍ਰੇਮ ਸਿੰਘ ਦਿਆਲਗੜ੍ਹ, ਕਾਕਾ ਰਾਮ, ਸੁਖਵਿੰਦਰ ਸਿੰਘ ਆਲੋਅਰਖ, ਦਰਸ਼ਨ ਸਿੰਘ ਬਾਲਦ, ਚਮਨ ਸਿੰਘ ਜੌਲੀਆਂ, ਜੋਗਿੰਦਰ ਸਿੰਘ ਰਾਜਪੁਰਾ, ਸਤਿੰਦਰਪਾਲ ਚੀਮਾ ਨੂਰਪੁਰਾ, ਜਗਪ੍ਰੀਤ ਸਿੰਘ ਸ਼ਾਹਪੁਰ, ਅੰਗਰੇਜ ਸਿੰਘ ਸਾਬਕਾ ਸਰਪੰਚ ਨੂਰਪੁਰਾ, ਮੇਹਰ ਬਖਤੜਾ, ਅਵਤਾਰ ਸ਼ਰਮਾ, ਰਾਧੇ ਸਿਆਮ, ਇਕਬਾਲ ਸ਼ਰਮਾ, ਹਿੰਮਤ ਸਿੰਘ ਕਾਲਾਝਾੜ, ਮਨਜਿੰਦਰ ਸਿੰਘ ਮੱਟਰਾਂ, ਹਰਕਿਰਤ ਸਿੰਘ ਮੱਟਰਾਂ, ਹਰਜਿੰਦਰ ਸਿੰਘ ਮੱਟਰਾਂ, ਪ੍ਰਦੀਪ ਸਿੰਘ ਯੂਥ ਆਗੂ, ਜਗਪ੍ਰੀਤ ਸਿੰਘ ਘੱਗਾ, ਰਣਜੀਤ ਸਿੰਘ ਮਨੀ, ਜੋਤ ਗੋਗਿਆ ਕਾਕੜਾ, ਜੋਬਨ ਕਾਕੜਾ, ਲਖਵਿੰਦਰ ਸਿੰਘ ਦਿਆਲਗੜ੍ਹ, ਕਪਿਲ ਨਦਾਮਪੁਰ, ਜਗਪਾਲ ਨਦਾਮਪੁਰ, ਹਰਮਨ ਜੈਲਦਾਰ ਨਦਾਮਪੁਰ, ਅਤੇ ਲਾਲੀ ਸਕਰੌਦੀ ਸਮੇਤ ਵੱਡੀ ਗਿਣਤੀ ਵਿਚ ਵਰਕਰ ਹਾਜਰ ਸਨ।

ਆੜਤੀਆਂ ਦੀ ਫਰੀਜ਼ ਕੀਤੀ ਆੜਤ ਢਾਈ ਫੀਸਦੀ ਕੀਤੀ ਜਾਵੇ : ਰਬੜ

ਆਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 15 ਅਪ੍ਰੈਲ :

ਕੇਂਦਰ ਸਰਕਾਰ ਨੇ ਪੰਜਾਬ ਦੇ ਆੜਤੀਆਂ ਦਾ ਕਮੀਸ਼ਨ ਫਰੀਜ ਕਰ ਦਿੱਤੀ ਹੈ, ਜਦੋਂ ਕਿ ਢਾਈ ਫੀਸਦੀ ਆੜਤ ਮੁਤਾਬਕ ਕਣਕ ਉੱਤੇ 57 ਰੁਪਏ ਬਣਦਾ ਹੈ ਉਹ 44 ਰੁਪਏ 88 ਪੈਸਿਆਂ ਤੱਕ ਹੀ ਰੋਕ ਰੱਖੀ ਹੈ। ਇਸ ਲਈ ਕੇਂਦਰ ਨੂੰ ਕਹਿ ਕੇ ਫਾੜ ਦਿੱਤਾ ਢਾਈ ਫੀਸਦੀ ਕਰਵਾਈ ਜਾਵੇ।ਇਹ ਵਿਚਾਰ ਆੜਤੀ ਐਸੋਸੀਏਸ਼ਨ ਲਹਿਰਾ ਦੇ ਪ੍ਰਧਾਨ ਅਤੇ ਵਿਧਾਇਕ ਗੋਇਲ ਦੇ ਚਚੇਰੇ ਭਰਾ ਜੀਵਨ ਕੁਮਾਰ ਰੱਬੜ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਉਹਨਾਂ ਦੱਸਿਆ ਕਿ ਕਿਸਾਨ ਅਤੇ ਆੜਤੀਆਂ ਦਾ ਰਿਸ਼ਤਾ ਨਹੁੰ ਮਾਸ ਦਾ ਹੈ। ਉਥੇ ਹੀ ਲੱਖਾਂ ਲੇਬਰ ਵਾਲੇ ਵੀ ਆੜਤੀਆਂ ਨਾਲ ਜੁੜੇ ਹੋਏ ਹਨ। ਉਹਨਾਂ ਕਿਹਾ ਕਿ ਮੈਂ ਇਹਨਾਂ ਸਾਰਿਆਂ ਵੱਲੋਂ ਵਿਸ਼ਵਾਸ ਦਵਾਉਂਦਾ ਹਾਂ, ਕਿ ਚੋਣਾਂ ਵਿੱਚ ਤੁਹਾਡੀ ਵੱਧ ਚੜ ਕੇ ਮੱਦਦ ਕਰਾਂਗੇ। ਉਹਨਾਂ ਆੜਤੀਆਂ ਦੀ ਮੁਸ਼ਕਿਲ ਮੀਤ ਹੇਅਰ ਦੇ ਧਿਆਨ ਲਿਆਉਂਦਿਆਂ ਕਿਹਾ, ਕਿ ਇਸ ਹਲਕੇ ਦੀਆਂ ਪੰਜ ਮੰਡੀਆਂ ਐਫਸੀਆਈ ਨੂੰ ਖਰੀਦ ਲਈ ਦਿੱਤੀਆਂ ਗਈਆਂ ਹਨ। ਜਦੋਂ ਕਿ ਕਿਸਾਨਾਂ ਦੇ ਵਿਰੋਧ ਹੋਣ ਕਾਰਨ ਕਿਸਾਨ ਅਤੇ ਆੜਤੀ ਉਹਨਾਂ ਨੂੰ ਕਣਕ ਦੀ ਫਸਲ ਦੇਣ ਲਈ ਤਿਆਰ ਨਹੀਂ। ਇਸ ਲਈ ਉਨਾਂ ਮੰਡੀਆਂ ਵਿੱਚ ਹੋਰ ਏਜੰਸੀ ਦੀ ਖਰੀਦ ਵੀ ਨਾਲ ਅਟੈਚ ਕੀਤੀ ਜਾਵੇ ਤਾਂ ਜੋ ਕਿਸਾਨਾਂ ਦੀ ਫਸਲ ਸਮੇਂ ਸਿਰ ਚੁੱਕੀ ਜਾਵੇ। ਇਸ ਤੇ ਕੈਬਨਟ ਮੰਤਰੀ ਮੀਤ ਹੇਅਰ ਨੇ ਵਿਸ਼ਵਾਸ ਦਵਾਇਆ ਕਿ ਤੁਹਾਡੀਆਂ ਮੁਸ਼ਕਿਲਾਂ ਜਲਦੀ ਹੱਲ ਕੀਤੀਆਂ ਜਾਣਗੀਆਂ। ਇਸ ਸਮੇਂ ਟਰੱਕ ਯੂਨੀਅਨ ਦੇ ਪ੍ਰਧਾਨ ਗੁਰੀ ਚਹਿਲ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਚਰਨਜੀਤ ਸ਼ਰਮਾ, ਮਾਰਕੀਟ ਕਮੇਟੀ ਦੇ ਚੇਅਰਮੈਨ ਸੀਸਪਾਲ ਅਨੰਦ, ਆੜਤੀ ਐਸੋਸੀਏਸ਼ਨ ਦੇ ਪ੍ਰੈੱਸ ਸਕੱਤਰ ਸ਼ੰਭੂ ਗੋਇਲ, ਸਤੀਸ਼ ਮੈਟੂ ਅਤੇ ਹੋਰ ਆਗੂ ਮੌਜੂਦ ਸਨ।

ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਜ਼ਿਲ੍ਹੇ 'ਚ ਸਕੂਲੀ ਵਾਹਨਾਂ ਦੀ ਵਿਆਪਕ ਚੈਕਿੰਗ

ਆਰ.ਟੀ.ਓ, ਸਮੂਹ ਐਸ.ਡੀ.ਐਮਜ਼ ਤੇ ਡੀ.ਐਸ.ਪੀਜ਼ ਨੇ ਕੀਤੀ ਜਾਂਚ ਪੜਤਾਲ

ਆਜ਼ਾਦ ਸੋਚ, ਬਲਵਿੰਦਰ ਸਿੰਘ, ਸੰਗਰੂਰ, 15 ਅਪ੍ਰੈਲ :

ਜ਼ਿਲ੍ਹਾ ਸੰਗਰੂਰ ਵਿੱਚ ਸਕੂਲੀ ਬੱਸਾਂ ਨੂੰ ਬੱਚਿਆਂ ਲਈ ਸੁਰੱਖਿਅਤ ਬਣਾਉਣ ਅਤੇ ਅਣਸੁਖਾਵੀਂਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਦਿੱਤੇ ਹੁਕਮਾਂ ਦੀ ਪਾਲਣਾ ਕਰਦਿਆਂ ਅੱਜ ਜ਼ਿਲ੍ਹੇ ਦੀਆਂ ਸਮੂਹ ਸਬ ਡਵੀਜ਼ਨਾਂ ਵਿੱਚ ਉਪ ਮੰਡਲ ਮੈਜਿਸਟਰੇਟਾਂ ਅਤੇ ਡੀ.ਐਸ.ਪੀਜ਼ ਦੇ ਨਾਲ-ਨਾਲ ਰੀਜ਼ਨਲ ਟਰਾਂਸਪੋਰਟ ਅਧਿਕਾਰੀ ਵੱਲੋਂ ਵੱਖ-ਵੱਖ ਸਕੂਲੀ ਵਾਹਨਾਂ ਦਾ ਚੈਕਿੰਗ ਅਭਿਆਨ ਚਲਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਜਾਂਚ ਪੜਤਾਲ ਲਈ ਤਾਇਨਾਤ ਟੀਮਾਂ ਨੇ ਸਕੂਲੀ ਵਾਹਨਾਂ 'ਚ ਫਿਟਨੈਸ ਸਰਟੀਫਿਕੇਟ, ਅਧਿਕਾਰਤ ਬੈਠਣ ਸਮਰੱਥਾ, ਸਪੀਡ ਗਵਰਨਰ, ਬੱਸ ਡਰਾਈਵਰਾਂ ਦੇ ਲਾਇਸੰਸਾਂ, ਸੇਫ ਸਕੂਲ ਵਾਹਨ ਪਾਲਸੀ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਹੋਰ ਮਾਪਦੰਡਾਂ ਦੀ ਜਾਂਚ ਕੀਤੀ ਅਤੇ ਇਸ ਦੌਰਾਨ ਊਣਤਾਈਆਂ ਸਾਹਮਣੇ ਆਉਣ 'ਤੇ ਨਿਯਮਾਂ ਮੁਤਾਬਕ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

ਐਸ.ਡੀ.ਐਮ ਸੰਗਰੂਰ ਚਰਨਜੋਤ ਸਿੰਘ ਵਾਲੀਆ ਅਤੇ ਆਰ.ਟੀ.ਓ ਕੁਲਦੀਪ ਬਾਵਾ ਨੇ ਦੱਸਿਆ ਕਿ ਅੱਜ ਚੈਕਿੰਗ ਦੌਰਾਨ 9 ਸਕੂਲੀ ਵਾਹਨਾਂ ਦੇ ਚਲਾਨ ਕੱਟੇ ਗਏ ਅਤੇ 1 ਵਾਹਨ ਨੂੰ ਇੰਪਾਊਂਡ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਮੁਹਿਮ ਲਗਾਤਾਰ ਜਾਰੀ ਰੱਖੀ ਜਾਵੇਗੀ ਅਤੇ ਸਕੂਲੀ ਵਿਦਿਆਰਥੀਆਂ ਦੀ ਜਾਨ ਨੂੰ ਜੋਖਿਮ ਪਾਉਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਕੀਤੀ ਜਾਂਚ ਦੌਰਾਨ ਇੰਸ਼ੋਰੈਂਸ, ਫਿਟਨੈਸ ਸਰਟੀਫਿਕੇਟ, ਸੁਰੱਖਿਆ ਮਾਪਦੰਡਾਂ ਨੂੰ ਚੈਕ ਕੀਤਾ ਗਿਆ ਅਤੇ ਹਦਾਇਤਾਂ ਦੀ ਉਲੰਘਣਾ ਸਾਹਮਣੇ ਆਉਣ 'ਤੇ ਇਹ ਕਾਰਵਾਈ ਕੀਤੀ ਗਈ ਹੈ। ਇਸੇ ਦੌਰਾਨ ਐਸ.ਡੀ.ਐਮ ਭਵਾਨੀਗੜ੍ਹ ਵਿਨੀਤ ਕੁਮਾਰ ਨੇ ਦੱਸਿਆ ਕਿ ਪੁਲਿਸ ਦੇ ਸਹਿਯੋਗ ਨਾਲ ਭਵਾਨੀਗੜ੍ਹ ਵਿਖੇ ਸਕੂਲਾਂ ਤੇ ਕਾਲਜਾਂ ਦੇ ਵਾਹਨਾਂ ਦੀ ਜਾਂਚ ਕੀਤੀ ਗਈ ਅਤੇ 10 ਵਾਹਨਾਂ ਦੇ ਚਲਾਨ ਕੱਟੇ ਗਏ ਜਦਕਿ 1 ਵਾਹਨ ਨੂੰ ਇੰਪਾਊਂਡ ਕੀਤਾ ਗਿਆ ਹੈ। ਐਸ.ਡੀ.ਐਮ ਸੁਨਾਮ ਪਰਮੋਦ ਸਿੰਗਲਾ ਨੇ ਦੱਸਿਆ ਕਿ ਆਰ.ਟੀ.ਓ ਸਮੇਤ ਅੱਜ ਸੁਨਾਮ ਵਿੱਚ ਵੱਖ ਵੱਖ ਥਾਈ ਚੈਕਿੰਗ ਕੀਤੀ ਗਈ। ਐਸ.ਡੀ.ਐਮ ਦਿੜ੍ਹਬਾ ਰਾਜੇਸ਼ ਸ਼ਰਮਾ ਦੀ ਅਗਵਾਈ ਹੇਠਲੀ ਟੀਮ ਨੇ 2 ਸਕੂਲੀ ਵਾਹਨਾਂ ਦੇ ਚਲਾਨ ਕੀਤੇ ਜਦਕਿ ਐਸ.ਡੀ.ਐਮ ਲਹਿਰਾ ਤੇ ਮੂਨਕ ਸੂਬਾ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ 20 ਦੇ ਕਰੀਬ ਸਕੂਲੀ ਵਾਹਨਾਂ ਦੀ ਜਾਂਚ ਕਰਦਿਆਂ 3 ਚਲਾਨ ਕੱਟੇ ਗਏ ਤੇ 1 ਵਾਹਨ ਇੰਪਾਊਂਡ ਕੀਤਾ ਗਿਆ। ਇਸ ਤੋਂ ਇਲਾਵਾ ਧੂਰੀ ਵਿਖੇ ਸਕੂਲੀ ਵਾਹਨਾਂ ਦੀ ਜਾਂਚ ਦੌਰਾਨ ਐਸ.ਡੀ.ਐਮ ਅਮਿਤ ਗੁਪਤਾ ਤੇ ਆਰ.ਟੀ.ਓ ਕੁਲਦੀਪ ਬਾਵਾ ਨੇ 4 ਵਾਹਨਾਂ ਦੇ ਚਲਾਨ ਕੱਟੇ।

ਸੁਖਪਾਲ ਖਹਿਰਾ ਨੂੰ ਟਿਕਟ ਦੇਣ 'ਤੇ ਕਾਂਗਰਸੀਆਂ ਨੇ ਢੋਲ ਵਜਾਕੇ ਵੰਡੇ ਲੱਡੂ

ਆਜ਼ਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 15 ਅਪ੍ਰੈਲ :

ਹਲਕਾ ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਹਰ ਪੱਖ ਤੋਂ ਸਹੀ ਕਾਂਗਰਸ ਦੇ ਉਮੀਦਵਾਰ ਹਨ ਅਤੇ ਪੰਜਾਬ ਦੇ ਹਰ ਪੱਖ ਨੂੰ ਸਰਕਾਰ ਅੱਗੇ ਬੇਬਾਕੀ ਨਾਲ ਰੱਖਣ ਦਾ ਦਮ ਰੱਖਦੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀਬੀ ਰਾਜਿੰਦਰ ਕੌਰ ਭੱਠਲ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਸਪੁੱਤਰ ਰਾਹੁਲਇੰਦਰ ਸਿੰਘ ਸਿੱਧੂ ਨੇ ਅੱਜ ਆਪਣੀ ਸਥਾਨਕ ਪੁਰਾਣੀ ਰਿਹਾਇਸ਼ ਉੱਪਰ ਪਾਰਟੀ ਆਗੂਆਂ ਨਾਲ ਗੱਲਬਾਤ ਕਰਦੇ ਸਮੇਂ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਪਾਰਟੀ ਨੇ ਆਪਾਂ ਨੂੰ ਸੁਖਪਾਲ ਸਿੰਘ ਖਹਿਰਾ ਇੱਕ ਅਜਿਹਾ ਨਿਧੱੜਕ, ਅਣਥੱਕ ਅਤੇ ਬੇਬਾਕੀ ਤੌਰ 'ਤੇ ਪੰਜਾਬ ਦੇ ਹਰ ਮਸਲੇ ਉੱਪਰ ਬੋਲਣ ਵਾਲਾ ਯੋਧਾ ਦਿੱਤਾ ਹੈ ਜਿਸ ਦੀ ਆਪਾਂ ਨੂੰ ਤਾਂ ਇੱਕ ਪਰਿਵਾਰਕ ਮੈਂਬਰ ਹੋਣ ਦੇ ਸਦਕਾ ਖੁਸ਼ੀ ਹੈ ਹੀ, ਨਾਲ ਹੋਰਨਾਂ ਪਾਰਟੀਆਂ ਦੇ ਲੋਕਾਂ ਨੂੰ ਵੀ ਖਹਿਰਾ ਸਾਹਿਬ ਉਮੀਦਵਾਰ ਹੋਣ ਦੀ ਵੱਡੀ ਖੁਸ਼ੀ ਹੈ।ਪੰਜਾਬ ਦੀ ਸਭ ਤੋਂ ਬੁਲੰਦ ਆਵਾਜ਼ ਪੰਜਾਬ, ਪੰਜਾਬੀਅਤ ਤੇ ਹੱਕ ਸੱਚ ਦੀ ਆਵਾਜ਼ ਸੁਖਪਾਲ ਸਿੰਘ ਖਹਿਰਾ ਨੂੰ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਦੇ ਭੇਜਣ ਦੀ ਜਿੰਮੇਵਾਰੀ ਆਪਾਂ ਨੂੰ ਸੌਂਪੀ ਹੈ, ਜਿਸਨੂੰ ਜਿਤਾ ਕੇ ਭੇਜ਼ਣ ਦੀ ਜਿੰਮੇਵਾਰੀ ਸੰਗਰੂਰ ਵਾਲਿਆਂ ਦੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਨੂੰ ਪੂਰੀ ਤਰ੍ਹਾਂ ਸਾਫ਼ ਹੋ ਗਿਆ ਕਿ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਨੇ ਇੱਕ ਅਜਿਹਾ ਯੋਧਾ ਉਮੀਦਵਾਰ ਦਿੱਤਾ

ਐਸ.ਬੀ.ਐਸ ਸਕੂਲ ਦੇ ਬੱਚੇ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਤਮਸਤਕ ਹੋਏ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 15 ਅਪ੍ਰੈਲ :

ਬੱਚਿਆਂ ਵਿੱਚ ਧਾਰਮਿਕ ਜਾਗ੍ਰਿਤੀ ਪੈਦਾ ਕਰਨ ਲਈ ਅਧਿਆਪਕ ਕਮਲਜੀਤ ਸਿੰਘ, ਗੁਰਪ੍ਰੀਤ ਕੌਰ ਅਤੇ ਹਰਵਿੰਦਰਜੀਤ ਕੌਰ ਦੀ ਅਗਵਾਈ ਹੇਠ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਦੇ ਬੱਚਿਆਂ ਨੂੰ ਗੁਰਦੁਆਰਾ ਸ੍ਰੀ ਨਾਨਾਕਸਰ ਸਾਹਿਬ ਦੇ ਦਰਸ਼ਨ ਕਰਵਾਏ ਗਏ। ਜਿਸ ਵਿੱਚ ਨਰਸਰੀ ਕਲਾਸ ਤੋਂ ਪੰਜਵੀਂ ਕਲਾਸ ਤੱਕ ਦੇ ਬੱਚੇ ਸ਼ਾਮਿਲ ਹੋਏ। ਬੱਚਿਆਂ ਨੂੰ ਸਵੇਰੇ 09:00 ਵਜੇ ਗੁਰਦੁਆਰਾ ਸਾਹਿਬ ਲਿਜਾਇਆ ਗਿਆ। ਉੱਥੇ ਪਹੁੰਚ ਕੇ ਬੱਚਿਆਂ ਨੇ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਬੈਠ ਕੇ ਪ੍ਰਭੂ ਦੇ ਨਾਮ ਦਾ ਜਾਪ ਕੀਤਾ। ਉਸ ਤੋਂ ਬਾਅਦ ਬੱਚਿਆਂ ਨੇ ਲੰਗਰ ਛਕਿਆ। ਗੁਰਦੁਆਰਾ ਸਾਹਿਬ ਦੇ ਹੈਡ ਗੰਰਥੀ ਨੇ ਬੱਚਿਆਂ ਸਿੱਖ ਧਰਮ ਬਾਰੇ ਮੁਢਲੀ ਜਾਣਕਾਰੀ ਦਿੱਤੀ ਅਤੇ ਉਨਾਂ ਨੇ ਬੱਚਿਆਂ ਨਾਲ ਸਿੱਖ ਧਰਮ ਨਾਲ ਸੰਬੰਧਿਤ ਜਵਾਬ-ਸਵਾਲ ਵੀ ਕੀਤੇ। ਉਨਾਂ ਨੇ ਬੱਚਿਆਂ ਵਿੱਚ ਧਰਮ ਰੁਚੀ ਵਧਾਉਣ ਲਈ ਸਕੂਲ ਵੱਲੋਂ ਕੀਤੀ ਇਸ ਪਹਿਲਕਦਮੀ ਦੀ ਪ੍ਰਸੰਸਾ ਕੀਤੀ। ਬੱਚਿਆਂ ਨੇ ਸਿੱਖ ਧਰਮ ਦੇ ਫਲਸਫੇ ਅਤੇ ਧਰਮ ਦੇ ਕੌਮੀ ਜਰਨੈਲਾ ਬਾਰੇ ਜਾਣਕਾਰੀ ਇਕੱਤਰ ਕੀਤੀ। ਸਕੂਲ ਦੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਦੱਸਿਆ ਕਿ ਬੱਚਿਆਂ ਨੂੰ ਧਾਰਮਿਕ ਜਾਣਕਾਰੀ ਦੇਣ ਲਈ ਇਸ ਟੂਰ ਦਾ ਪ੍ਰਬੰਧ ਕੀਤਾ ਗਿਆ। ਉਨਾਂ ਕਿਹਾ ਕਿ ਇਸ ਨਾਲ ਬੱਚਿਆਂ ਵਿੱਚ ਆਪਣੇ ਧਰਮ ਪ੍ਰਤੀ ਪਿਆਰ ਅਤੇ ਸਤਿਕਾਰ ਪੈਦਾ ਹੋਵੇਗਾ। ਸਕੂਲ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਕਿਹਾ ਕਿ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਧਾਰਮਿਕ ਗਿਆਨ ਦੇਣਾ ਸਕੂਲ ਦਾ ਮੰਤਵ ਹੈ, ਇਸੇ ਲਈ ਸਮੇਂ-ਸਮੇਂ ਤੇ ਸਕੂਲ ਵੱਲੋਂ ਬੱਚਿਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ। ਉਨਾਂ ਨੇ ਬੱਚਿਆਂ ਨੂੰ ਰੋਜਾਨਾ ਗੁਰਦੁਆਰਾ ਸਾਹਿਬ ਜਾਣ ਲਈ ਵੀ ਪ੍ਰੇਰਿਆ।

ਵੋਟਾਂ ਦੀ ਪੋਲਿੰਗ ਪ੍ਰਤੀਸ਼ਤ ਵਧਾਉਣ ਲਈ ਕੀਤਾ ਗਿਆ ਸੈਮੀਨਾਰ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 15 ਅਪ੍ਰੈਲ :

ਕੰਵਰਜੀਤ ਸਿੰਘ, ਉਪ-ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ ਦੀ ਯੋਗ ਅਗਵਾਈ ਹੇਠ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਮਹਿਰਾਜ ਵਿਖੇ ਸਿਖਿਆਰਥੀਆਂ ਨੂੰ ਵੋਟ ਦੇ ਅਧਿਕਾਰ ਸਬੰਧੀ ਜਾਗਰੂਕ ਕਰਨ ਹਿੱਤ ਅਤੇ ਵੋਟਾਂ ਦੀ ਪੋਲਿੰਗ ਪ੍ਰਤੀਸ਼ਤਤਾ ਵਧਾਉਣ ਲਈ ਸਵੀਪ ਫਲੈਗਸ਼ਿਪ ਪ੍ਰੋਗਰਾਮ ਅਧੀਨ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਬਰਿੰਦਰ ਕੌਰ ਪ੍ਰਿੰਸੀਪਲ ਟੀ.ਪੀ.ਡੀ. ਮਾਲਵਾ ਕਾਲਜ, ਫੂਲ ਕਮ ਨੋਡਲ ਅਫਸਰ ਸਵੀਪ ਫਲੈਗਸਿਪ ਪ੍ਰੋਗਰਾਮ, ਮੈਡਮ ਰਿੰਪੀ ਰਾਈ ਅਸਿਸਟੈਂਟ ਨੋਡਲ ਅਫਸਰ ਸਵੀਪ ਫਲੈਗਸ਼ਿਪ ਪ੍ਰੋਗਰਾਮ ਅਤੇ ਸ੍ਰੀਮਤੀ ਪਰਮਜੀਤ ਕੌਰ, ਪ੍ਰਿੰਸੀਪਲ ਸਰਕਾਰੀ ਆਈ. ਟੀ. ਆਈ. (ਇ.) ਰਾਮਪੁਰਾ ਫੂਲ ਕਮ ਮੈਂਬਰ ਸਵੀਪ ਫਲੈਗਸਿਪ ਪ੍ਰੋਗਰਾਮ ਨੇ ਪਹੁੰਚ ਕੇ ਸਿਖਿਆਰਥੀਆਂ ਨੂੰ ਵੋਟ ਦਾ ਮਹੱਤਵ ਦੱਸਦੇ ਹੋਏ ਸਹੀ ਢੰਗ ਨਾਲ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਨਸ਼ੇ ਦੇ ਵਿਰੁੱਧ ਅਤੇ ਵੋਟਾਂ ਸਬੰਧੀ ਜਾਗਰੂਕ ਕਰਨ ਬਾਰੇ ਸੰਸਥਾ ਦੇ ਸਿਖਿਆਰਥੀਆਂ ਦੇ ਵਿਚਕਾਰ ਪੋਸਟਰ ਮੁਕਾਬਲੇ ਕਰਵਾਏ ਗਏ। ਸਰਕਾਰੀ ਆਈ. ਟੀ. ਆਈ. ਮਹਿਰਾਜ ਦੇ ਪ੍ਰਿੰਸੀਪਲ ਨਿਰਮਲ ਸਿੰਘ ਵੱਲੋਂ ਸੰਸਥਾ ਵਿਖੇ ਸਬੰਧਤ ਪ੍ਰੋਗਰਾਮ ਉਲੀਕਣ ਹਿੱਤ ਧੰਨਵਾਦ ਕੀਤਾ ਗਿਆ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਲੋੜਵੰਦਾਂ ਨੂੰ ਪੈਂਨਸ਼ਨ ਚੈੱਕ ਵੰਡੇ

ਆਜ਼ਾਦ ਸੋਚ, ਰਜਨੀਸ਼ ਕਰਕਰਾ, ਰਾਮਪੁਰਾ ਫੂਲ, 15 ਅਪ੍ਰੈਲ :

ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਦੀ ਗਤੀਸ਼ੀਲ ਅਗਵਾਈ ਹੇਠ, ਕੌਮੀ ਪ੍ਰਧਾਨ ਸ. ਜੱਸਾ ਸਿੰਘ ਸੰਧੂ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਡਾ ਆਰ ਐਸ ਅਟਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਬਠਿੰਡਾ ਇਕਾਈ ਵਲੋਂ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ 207ਚੈੱਕ ਵੰਡੇ ਗਏ। ਜਾਣਕਾਰੀ ਦਿੰਦੇ ਹੋਏ ਜਰਨਲ ਸਕੱਤਰ ਅਮਰਜੀਤ ਸਿੰਘ ਨੇ ਦੱਸਿਆ ਕਿ ਡਾ. ਦਲਜੀਤ ਸਿੰਘ ਗਿੱਲ ਡਾਇਰੈਕਟਰ ਸਿਹਤ ਸੇਵਾਵਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਠਿੰਡਾ ਜਿਲ੍ਹੇ ਵਿਚ ਤਲਵੰਡੀ ਸਾਬੋ, ਮੌੜ ਮੰਡੀ, ਬੰਠਿਡਾ ਸ਼ਹਿਰ, ਬਾਲਿਆਂਵਾਲੀ ਤੋਂ ਇਲਾਵਾ ਪਿੰਡ ਮਹਿਰਾਜ ਅਤੇ ਚਾਉਕੇ ਵਿਖੇ ਦੋ ਹੋਰ ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਅਪ੍ਰੈਲ ਦੇ ਆਖ਼ਰੀ ਹਫ਼ਤੇ ਤੱਕ ਕੰਮ ਕਰਨਾ ਸ਼ੁਰੂ ਕਰ ਦੇਣਗੇ। ਇਹ ਲੈਬੋਰੇਟਰੀਆਂ ਵਿਚ ਸਾਰੇ ਟੈਸਟ ਮਾਰਕਿਟ ਰੇਟਾਂ ਤੋਂ 5ਵਾਂ ਤੋਂ 10ਵਾਂ ਹਿੱਸਾ ਰੇਟ ਤੇ ਹੁੰਦੇ ਹਨ। ਉਦਾਹਰਨ ਦੇ ਤੌਰ ਤੇ ਈ.ਸੀ.ਜੀ. ਸਿਰਫ 20 ਰੁ. ਵਿਚ ਹੁੰਦੀ ਹੈ ਅਤੇ ਟਰੱਸਟ ਵੱਲੋਂ ਲਗਾਤਾਰ ਮੈਡੀਕਲ ਕੈਂਪ, ਸਰਕਾਰੀ ਸਕੂਲਾਂ ਨੂੰ ਆਰ ਓ ਦਾਨ ,ਸਰਕਾਰੀ ਸਕੂਲਾਂ ਵਿਚ ਫ੍ਰੀ ਬਲੱਡ ਗਰੁੱਪ ਟੈਸਟ, ਲੋੜਵੰਦਾ ਨੂੰ ਮਕਾਨ ਬਣਾ ਕੇ ਦੇਣਾ , ਠੰਡ ਵਿੱਚ ਲੋੜਵੰਦਾ ਨੂੰ ਕੰਬਲ ਵੰਡਣਾ ਅਤੇ ਵਾਹਨਾਂ ਨੂੰ ਰਿਫਲੈਕਟਰ ਲਾਉਣਾ ਲਗਾਤਾਰ ਜਾਰੀ ਹਨ। ਮੌਕੇ ਜਨਰਲ ਸੈਕਟਰੀ ਅਮਰਜੀਤ ਸਿੰਘ, ਕੈਸ਼ੀਅਰ ਬਲਦੇਵ ਸਿੰਘ ਚਹਿਲ ਅਤੇ ਬਲਜੀਤ ਸਿੰਘ ਨਰੂਆਣਾ ,ਤੇ ਗੁਰਪਿਆਰ ਸਿੰਘ ਹਾਜਰ ਸਨ।

ਐਸ ਪੀ ਸਿੰਘ ਉਬਰਾਏ ਚੇਅਰਮੈਨ ਸਰਬੱਤ ਦਾ ਭਲਾ ਟਰੱਸਟ ਨੂੰ ਬਰਨਾਲਾ ਟੀਮ ਅਤੇ ਲਾਭਪਾਤਰੀਆਂ ਨੇ 69ਵੇਂ ਜਨਮ ਦੀ ਦਿੱਤੀ ਵਧਾਈ : ਇੰਜ ਸਿੱਧੂ

ਆਜ਼ਾਦ ਸੋਚ, ਜਗਸੀਰ ਸਿੰਘ ਸੰਧੂ, ਬਰਨਾਲਾ, 15 ਅਪ੍ਰੈਲ :

ਸਥਾਨਕ ਗੁਰੂ ਘਰ ਬੀਬੀ ਪ੍ਰਧਾਨ ਕੌਰ ਵਿੱਖੇ ਸਰਬੱਤ ਦਾ ਭਲਾ ਟਰੱਸਟ ਦੇ ਕਾਰਕੁਨਾਂ ਨੇ ਦੋ ਸੌ ਦੇ ਕਰੀਬ ਗਰੀਬ ਲੋੜਮੰਦ ਵਿਧਵਾਵਾਂ ਅਤੇ ਲੋੜਮੰਦ ਅਪਹਾਜਾ ਨੂੰ ਟਰੱਸਟ ਵੱਲੋ ਮਹੀਨਾ ਵਾਰ ਪੈਨਸ਼ਨ ਦੇ ਚੈੱਕ ਵੰਡੇ ਇਹ ਜਾਣਕਾਰੀ ਸੰਸਥਾ ਦੇ ਜਿਲਾ ਪ੍ਰਧਾਨ ਇੰਜ ਗੁਰਜਿੰਦਰ ਸਿੰਘ ਸਿੱਧੂ ਨੇ ਪ੍ਰੈਸ ਦੇ ਨਾਂ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਪ੍ਰਗਟ ਕੀਤੇ ਅਤੇ ਸੱਭ ਤੋਂ ਪਹਿਲਾ ਜਿਲਾ ਪ੍ਰਧਾਨ ਸਿੱਧੂ, ਸਮੂਹ ਮੈਬਰਾਂ ਅਤੇ ਪੈਨਸ਼ਨ ਲੈਣ ਵਾਲੇ ਲਾਭਪਾਤਰੀਆਂ ਨੇ ਟਰੱਸਟ ਦੇ ਚੇਅਰਮੈਨ ਡਾਕਟਰ ਸੁਰਿੰਦਰ ਪਾਲ ਸਿੰਘ ਓਬਰਾਏ ਨੂੰ ਉਹਨਾਂ ਦੇ 69ਵੇ ਜਨਮ ਦਿਨ ਦੀ ਨਿੱਘੀ ਵਧਾਈ ਦਿੱਤੀ ਅਤੇ ਉਹਨਾਂ ਦੀ ਲੰਬੀ ਅਤੇ ਤੰਦਰੁਸਤ ਜੀਵਨ ਲਈ ਕਾਮਨਾ ਕੀਤੀ ਤਾਕਿ ਉਹ ਲੰਬੇ ਸਮੇਂ ਲਈ ਮਨੁੱਖਤਾ ਦੀ ਸੇਵਾ ਇਸੇ ਤਰਾ ਕਰਦੇ ਰਹਿਣ ਸਿੱਧੂ ਨੇ ਦੱਸਿਆ ਕਿ ਸੰਸਥਾ ਵੱਲੋਂ ਜਿਲਾ ਬਰਨਾਲਾ ਅੰਦਰ ਵੱਖ ਵੱਖ ਸਕੂਲਾਂ ਅਤੇ ਜੇਲ ਅੰਦਰ ਭੀ ਹੈਵੀ ਡਿਊਟੀ ਵਾਟਰ ਫਿਲਟਰ ਲਗਾਏ ਜਾਣਗੇ ਇਸ ਮੌਕੇ ਵੀਨੂੰ ਬਾਂਸਲ ਨੇ ਆਪਣੇ ਘਰ ਪੁੱਤਰ ਦੀ ਦਾਤ ਮਿਲਣ ਦੀ ਖ਼ੁਸੀ ਵਿੱਚ ਲਾਭਪਾਤਰੀਆਂ ਨੂੰ ਲਡੂ ਵੰਡੇ ਗਏ ਇਸ ਮੌਕੇ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ, ਅਵਤਾਰ ਸਿੰਘ ਭੁਰੇ, ਸੂਬੇਦਾਰ ਗੁਰਜੰਟ ਸਿੰਘ, ਜਥੇਦਾਰ ਗੁਰਮੀਤ ਸਿੰਘ ਧੌਲਾ, ਕੁਲਵਿੰਦਰ ਸਿੰਘ ਕਾਲਾ, ਗੁਰਜੰਟ ਸਿੰਘ ਸੋਨਾ, ਜੱਥੇਦਾਰ ਸੁਖਦਰਸ਼ਨ ਸਿੰਘ, ਬਸੰਤ ਸਿੰਘ ਉਗੋ, ਗੁਰਦੇਵ ਸਿੰਘ ਮੱਕੜਾ ਆਦਿ ਸੰਸਥਾ ਮੈਬਰ ਹਾਜ਼ਰ ਸਨ।

ਵਿਸਾਖੀ ਮੌਕੇ ਅੱਖਾਂ ਦਾ ਮੁਫ਼ਤ ਜਾਂਚ ਅਤੇ ਅਪਰੇਸ਼ਨ ਕੈਂਪ ਲਗਾਇਆ

ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,14 ਅਪ੍ਰੈਲ :

ਲਾਇਨਜ਼ ਕਲੱਬ ਗ੍ਰੇਟਰ ਵੱਲੋਂ ਵਿਸਾਖੀ ਦੇ ਮੌਕੇ ਅੱਖਾਂ ਦਾ ਮੁਫ਼ਤ ਜਾਂਚ ਅਤੇ ਅਪਰੇਸ਼ਨ ਕੈਂਪ ਲਗਾਇਆ ਗਿਆ। ਸਵੇਰੇ 35 ਵਿਅਕਤੀਆਂ ਦੀ ਓਪੀਡੀ ਕੀਤੀ ਗਈ ਅਤੇ ਸ਼ਾਮ ਨੂੰ ਇਨ੍ਹਾਂ 35 ਵਿੱਚੋਂ 6 ਲੋੜਵੰਦਾਂ ਦੇ ਅਪਰੇਸ਼ਨ ਡਾ: ਪਰਮਜੀਤ ਸਿੰਘ ਵੱਲੋਂ ਕੀਤੇ ਗਏ। ਇਹਨਾਂ ਸਾਰੇ ਲੋੜਵੰਦ ਵਿਅਕਤੀਆਂ ਵੱਲੋਂ ਉਹਨਾਂ ਵੱਲੋਂ ਕੀਤੇ ਗਏ ਇਸ ਕਾਰਜ ਲਈ ਲਾਇਨਜ਼ ਕਲੱਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਹਰ ਸਾਲ ਕਲੱਬ ਵੱਲੋਂ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਜਾਂਦਾ ਹੈ ਅਤੇ ਇਹ ਕੈਂਪ ਉਸ ਦੀ ਲੜੀ ਵਿੱਚੋਂ ਇੱਕ ਸੀ। ਇਸ ਮੌਕੇ ਪ੍ਰੋਜੈਕਟ ਦੇ ਚੇਅਰਮੈਨ ਲਾਇਨ ਪ੍ਰਿਤਪਾਲ ਸਿੰਘ ਨੇ ਲਾਇਨ ਕਲੱਬ ਵੱਲੋਂ ਸਮਾਜ ਦੀ ਦਿਆਲਤਾ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਦੱਸਿਆ। ਐਮਜੇ ਐੱਫ ਲਾਇਨ ਸੁਖਮਿੰਦਰ ਸਿੰਘ ਭੱਠਲ ਨੇ ਲਾਇਨ ਕਲੱਬ ਦੀਆਂ ਸਾਰੀਆਂ ਗਤੀਵਿਧੀਆਂ ਬਾਰੇ ਦੱਸਿਆ ਜੋ ਉਹਨਾਂ ਦੀ ਪ੍ਰਧਾਨਗੀ ਹੇਠ ਹੋਈਆਂ। ਕੈਂਪ ਵਿੱਚ ਲਾਇਨ ਵਿਨੋਦ ਕੁਮਾਰ ਦੀਵਾਨ ਸਕੱਤਰ, ਲਾਇਨ ਪਰਮਜੀਤ ਸਿੰਘ ਸਾਬਕਾ ਪ੍ਰਧਾਨ ਵੀ ਹਾਜ਼ਰ ਸਨ।

ਪੀੜਤ ਪਰਿਵਾਰ ਨੂੰ ਮੁਆਵਜਾ ਦਵਾਉਣ ਲਈ ਧਰਨਾ ਚੌਥੇ ਦਿਨ ਵੀ ਜਾਰੀ

ਅਜ਼ਾਦ ਸੋਚ, ਸ਼ੈਰੂ ਗੋਇਲ, ਲਹਿਰਾਗਾਗਾ, 15 ਅਪ੍ਰੈਲ :

ਪੰਜਾਬ ਵਿੱਚ ਪ੍ਰਾਈਵੇਟ ਸਾਇਲੋਆਂ ਦੇ ਸਰਕਾਰੀਕਰਨ ਕਰਨ ਦੀ ਮੰਗ ਨੂੰ ਲੈ ਲੱਗੇ ਧਰਨੇ ਦੌਰਾਨ ਸੁਨਾਮ ਵਿਖੇ ਕਿਸਾਨ ਕਰਮਜੀਤ ਸਿੰਘ (50) ਪੁੱਤਰ ਗੁਰਬਚਨ ਸਿੰਘ ਸੰਗਤਪੁਰਾ ਬਲਾਕ ਲਹਿਰਾਗਾਗਾ ਦਾ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਸੀ। ਮੌਕੇ ਤੇ ਮੌਜੂਦ ਕਿਸਾਨ ਆਗੂਆਂ ਵਲੋਂ ਦਿਤੀ ਜਾਣਕਾਰੀ ਮੁਤਾਬਕ ਕਿਸਾਨ ਕਰਮਜੀਤ ਸਿੰਘ ਦੀ ਧਰਨੇ ਚ ਬੈਠੇ ਦੀ ਹਾਲਤ ਵਿਗੜਦੀ ਵੇਖ ਉਸਨੂੰ ਸੁਨਾਮ ਦੇ ਹਸਪਤਾਲ ਦਾਖਲ ਕਰਵਾਇਆ ਗਿਆ। ਉਥੋਂ ਡਾਕਟਰ ਵਲੋਂ ਚੈੱਕ ਅੱਪ ਕਰਕੇ ਮੁਢਲੀ ਸਹਾਇਤਾ ਦਿੱਤੀ ਉਸਤੋਂ ਬਾਅਦ ਪੀੜਤ ਕਿਸਾਨ ਨੂੰ ਸੰਗਰੂਰ ਉਸ ਤੋਂ ਬਾਅਦ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿੱਚ ਭੇਜ ਦਿੱਤਾ ਗਿਆ ਜਿਥੇ ਕਿਸਾਨ ਕਰਮਜੀਤ ਸਿੰਘ ਨੇ ਦਮ ਤੋੜ ਦਿੱਤਾ। ਉਸ ਤੋਂ ਬਾਅਦ ਕਿਸਾਨ ਦੀ ਮਿਤ੍ਰਕ ਦੇਹ ਨੂੰ ਰਾਜਿੰਦਰਾ ਹਸਪਤਾਲ ਦੀ ਮੋਰਚਰੀ ਵਿੱਚ ਰੱਖੇ ਨੂੰ ਅੱਜ 5 ਦਿਨ ਹੋ ਚੁੱਕੇ ਹਨ। ਪਰੰਤੂ ਸਰਕਾਰ ਦੇ ਕੰਨਾਂ ਤੇ ਜੂੰ ਨਹੀਂ ਸਰਕ ਰਹੀ। ਸੰਘਰਸ਼ ਨੂੰ ਹੋਰ ਤੇਜ਼ ਕਰਨ ਵਜੋਂ ਅੱਜ ਕਿਸਾਨ ਮਜ਼ਦੂਰ ਔਰਤਾਂ ਵਲੋਂ ਐਸਡੀਐਮ ਦਫਤਰ ਲਹਿਰਾ ਦਾ 2 ਘੰਟਿਆਂ ਲਈ ਸੰਕੇਤਕ ਤੌਰ ਤੇ ਘਿਰਾਓ ਕੀਤਾ ਗਿਆ। ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਅਗਰ ਪ੍ਰਸ਼ਾਸਨ ਮਿਤ੍ਰਕ ਕਿਸਾਨ ਨੂੰ ਦਸ ਲੱਖ ਰੁਪਏ ਮੁਆਵਜ਼ਾ,ਸਾਰੇ ਕਰਜ਼ੇ ਤੇ ਲੀਕ, ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਨਹੀਂ ਦਿੰਦਾ ਉਹਨਾਂ ਟਾਇਮ ਇਸ ਸੰਘਰਸ਼ ਦਾ ਵਿਸਥਾਰ ਰੂਪ ਕਰਕੇ ਪਿੰਡਾਂ ਤੱਕ ਲੈ ਕੇ ਜਾਇਆ ਜਾਵੇਗਾ। ਇਸ ਮੌਕੇ ਗੁਰਜੰਟ ਸਿੰਘ ਸੰਗਤਪੁਰਾ, ਗੁਰਪ੍ਰੀਤ ਸੰਗਤਪੁਰਾ, ਮੇਜ਼ਰ ਸਿੰਘ ਸੇਖੂਵਾਸ,ਬੰਤ ਸਿੰਘ ਨੰਗਲਾ, ਬਿੱਕਰ ਸਿੰਘ ਖੋਖਰ, ਪਰਮਜੀਤ ਕੌਰ ਭੁਟਾਲ ਕਲਾ, ਅਮ੍ਰਿਤਪਾਲ ਕੌਰ ਸੰਗਤਪੁਰਾ, ਰਣਜੀਤ ਕੌਰ ਲਹਿਲ ਖੁਰਦ, ਜਸਵੀਰ ਕੌਰ ਲਹਿਲ ਕਲਾ, ਆਦਿ ਆਗੂਆਂ ਨੇ ਸੰਬੋਧਨ ਕੀਤਾ।

ਮਾਨਵ ਸੇਵਾ ਉੱਤਮ ਸੇਵਾ ਸੁਸਾਇਟੀ ਨਾਭਾ ਵੱਲੋਂ ਲੋੜਵੰਦ ਬਜ਼ੁਰਗਾਂ ਨੂੰ ਵੰਡਿਆ ਗਿਆ ਰਾਸ਼ਨ

ਸੰਸਥਾ ਵੱਲੋਂ ਸਮਾਜ ਭਲਾਈ ਦੇ ਕਾਰਜ ਵੱਧ ਚੜਕੇ ਕੀਤੇ ਜਾਂਦੇ ਹਨ : ਵਿਕਾਸ ਮਿੱਤਲ

ਆਜ਼ਾਦ ਸੋਚ, ਸੁਨੀਤਾ ਰਾਣੀ, ਨਾਭਾ, 15 ਅਪ੍ਰੈਲ :

ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਹਮੇਸ਼ਾਂ ਹੀ ਸਮਾਜ ਭਲਾਈ ਦੇ ਕਾਰਜ ਵਧ ਚੜ ਕੇ ਕੀਤੇ ਜਾਂਦੇ ਹਨ। ਉੱਥੇ ਹੀ ਸੰਸਥਾ ਵਲੋਂ ਸਿਵਲ ਹਸਪਤਾਲ ਨਾਭਾ ਵਿਖੇ ਜਰੂਰਤਮੰਦ ਮਰੀਜਾਂ ਦਾ ਇਲਾਜ ਕਰਵਾਇਆ ਜਾਂਦਾ ਹੈ ਅਤੇ ਮਰੀਜ਼ਾਂ ਨੂੰ ਦਵਾਈਆਂ ਵੀ ਮੁਫਤ ਦਿੱਤੀਆਂ ਜਾਂਦੀਆਂ ਹਨ। ਇਸ ਲੜੀ ਦੇ ਤਹਿਤ ਓਲਡ ਏਜ ਹੋਮ ਪਿੰਡ ਰੋਂਗਲਾ ਪਟਿਆਲਾ ਵਿਖੇ ਲੋੜਵੰਦ ਬਜ਼ੁਰਗਾਂ ਨੂੰ ਰਾਸ਼ਨ ਦਿੱਤਾ ਗਿਆ। ਸੰਸਥਾ ਦੇ ਮੁੱਖ ਅਹੁਦੇਦਾਰ ਵਿਕਾਸ ਮਿੱਤਲ ਨੇ ਸੰਸਥਾ ਵਲੋਂ ਸਾਰੇ ਸਹਯੋਗੀ ਸੱਜਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਇਹ ਉਮੀਦ ਕੀਤੀ ਗਈ ਕਿ ਇਸ ਤਰ੍ਹਾਂ ਹੀ ਇਹ ਸੰਸਥਾ ਜਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਅਤੇ ਇਨ੍ਹੇ ਘੱਟ ਸਮੇਂ ਵਿੱਚ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਲੋੜਵੰਦ ਨੂੰ ਕਿਸੇ ਪ੍ਰਕਾਰ ਦੀ ਕੋਈ ਜਰੂਰਤ ਹੁੰਦੀ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ। ਰਾਸ਼ਨ ਲੈਣ ਉਪਰੰਤ ਬਜ਼ੁਰਗਾਂ ਨੇ ਸੇਵਾ ਉੱਤਮ ਸੇਵਾ ਸੰਸਥਾ ਦੇ ਅਹੁਦੇਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਕਮਲ ਗੋਇਲ, ਰਵਿੰਦਰ ਸਿੰਘ, ਸ਼ਿਵ ਕੁਮਾਰ ਕੌਸ਼ਲ, ਮੁਨੀਸ਼ ਮਿੱਤਲ, ਅਤੁਲ ਬਾਂਸਲ (ਐਡਵੋਕੇਟ), ਸੁਨੀਲ ਗੁਪਤਾ, ਦੀਪਕ ਕੁਮਾਰ, ਵਰੁਣ ਸਿੰਗਲਾ, ਅੱਛਰ ਦਾਸ ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਕਿ ਸਾਡੀ ਮੰਗ ਨੂੰ ਮੁੱਖ ਰੱਖਦਿਆਂ ਹੋਇਆਂ ਸੰਸਥਾ ਵੱਲੋਂ ਰਾਸ਼ਨ ਲੈ ਕੇ ਦਿੱਤਾ

ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਬੱਸਾਂ ਦੀ ਚੈਕਿੰਗ ਕੀਤੀ

ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 56 ਸਕੂਲ ਬੱਸਾਂ ਦੇ ਕੀਤੇ ਚਲਾਨ

ਆਜ਼ਾਦ ਸੋਚ
ਅਵਤਾਰ ਸੈਣੀ ਛੱਤ
ਜੀਰਕਪੁਰ , 15 ਅਪ੍ਰੈਲ

ਸੀਨੀਅਰ ਕਪਤਾਨ ਪੁਲਿਸ ਜਿਲਾ ਐਸਏਐਸ ਨਗਰ ਡਾ. ਸੰਦੀਪ ਗਰਗ, ਆਈਪੀਐਸ, ਅਤੇ ਹਰਿੰਦਰ ਸਿੰਘ, ਪੀਪੀਐਸ, ਐੱਸਪੀ ਟ੍ਰੈਫਿਕ, ਐਸਏਐਸ ਨਗਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਜ਼ਿਲਾ ਐਸਏਐਸ ਨਗਰ ਦੀ ਟ੍ਰੈਫਿਕ ਪੁਲਿਸ ਵੱਲੋਂ ਅੱਜ ਜੀਰਕਪੁਰ ਵਿਖੇ ਸਕੂਲੀ ਬੱਚਿਆ ਦੀ ਸੁਰੱਖਿਆ ਨੂੰ ਮਦੇਨਜ਼ਰ ਰੱਖਦੇ ਹੋਏ ਅਤੇ ਸੇਫ ਸਕੂਲ ਵਾਹਨ ਸਕੀਮ ਦੇ ਤਹਿਤ ਕਰੀਬ 200 ਸਕੂਲੀ ਬਸਾਂ ਦੀ ਚੈਕਿੰਗ ਕੀਤੀ। ਇਸ ਸਬੰਧੀ ਜਾਣਕਾਰੀ ਦੇਂਦੇ ਅੰਗਰਾਜ ਸਿੰਘ ਟਰੈਫਿਕ ਇੰਚਾਰਜ ਛੱਤ ਲਾਈਟ ਨੇ ਦਸਿਆ ਕਿ ਸਕੂਲੀ ਬੱਸਾਂ ਦੀ ਚੈਕਿੰਗ ਦੌਰਾਨੇ ਟ੍ਰੈਫਿਕ ਪੁਲਿਸ ਵੱਲੋਂ ਕੁੱਲ 56 ਚਲਾਨ ਗਏ। ਉਨ੍ਹਾਂ ਨੇ ਦੱਸਿਆ ਕਿ ਸਕੂਲ ਪ੍ਰਸ਼ਾਸ਼ਨ ਦੁਆਰਾ ਸਕੂਲੀ ਵਾਹਨਾਂ ਦੀ ਪੰਜਾਬ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਣੀ ਲਾਜ਼ਮੀ ਹੈ। ਇਸ ਮੰਤਵ ਤਹਿਤ ਟਰੈਫਿਕ ਪੁਲਿਸ ਵੱਲੋ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦਸਿਆ ਕਿ ਇਸ ਮੌਕੇ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਸੰਬੰਧੀ ਬੱਸਾਂ ਦੇ ਡਰਾਇਵਰਾਂ ਅਤੇ ਲੇਡੀ ਅਟੈਂਡੈਂਟ ਨੂੰ ਜਾਣੂ ਕਰਵਾਇਆ ਗਿਆ ਅਤੇ ਸਕੂਲ ਦੇ ਬੱਚਿਆਂ ਨੂੰ ਟਰੈਫਿਕ ਰੂਲਜ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦਸਿਆ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਲਾਗੂ ਕੀਤੀ ਗਈ ਸੇਫ ਸਕੂਲ ਵਾਹਨ ਪਾਲਿਸੀ ਦੀ ਉਲੰਘਣਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਸਕੂਲ ਨਿਯਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਉਸਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਦਸਿਆ ਕਿ ਇਹ ਮੁਹਿੰਮ ਭਵਿੱਖ ਵਿਚ ਵੀ ਇਸੇ ਤਰਾਂ ਜਾਰੀ ਰਹੇਗੀ ।

ਗ੍ਰਿਫ਼ਤਾਰੀ ਖ਼ਿਲਾਫ਼ ਕੇਜਰੀਵਾਲ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਨੇ ਈਡੀ ਤੋਂ 24 ਤੱਕ ਜੁਆਬ ਮੰਗਿਆ

ਆਜ਼ਾਦ ਸੋਚ ਬਿਊਰੋ
ਨਵੀਂ ਦਿੱਲੀ, 15 ਅਪ੍ਰੈਲ

ਸੁਪਰੀਮ ਕੋਰਟ ਨੇ ਕਥਿਤ ਆਬਕਾਰੀ ਨੀਤੀ ਘਪਲੇ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਟੀਸ਼ਨ 'ਤੇ ਅੱਜ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਤੋਂ ਜਵਾਬ ਮੰਗਿਆ ਹੈ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਈਡੀ ਨੂੰ ਨੋਟਿਸ ਜਾਰੀ ਕੀਤਾ, ਜਿਸ ਨੇ ਮਾਮਲੇ 'ਚ ਉਨ੍ਹਾਂ ਦੀ ਗ੍ਰਿਫਤਾਰੀ ਨੂੰ ਬਰਕਰਾਰ ਰੱਖਿਆ ਹੈ। ਬੈਂਚ ਨੇ ਈਡੀ ਨੂੰ 24 ਅਪਰੈਲ ਤੱਕ ਪਟੀਸ਼ਨ 'ਤੇ ਆਪਣਾ ਜਵਾਬ ਦਾਇਰ ਕਰਨ ਲਈ ਕਿਹਾ ਹੈ। ਬੈਂਚ ਨੇ ਕਿਹਾ ਕਿ ਮਾਮਲੇ ਦੀ ਸੁਣਵਾਈ 29 ਅਪਰੈਲ ਤੋਂ ਸ਼ੁਰੂ ਹੋਣ ਵਾਲੇ ਹਫ਼ਤੇ ਵਿੱਚ ਹੋਵੇਗੀ।

ਇੰਟਰਨੈਸ਼ਨਲ ਜੀਊ ਜਿਤਸੂ ਟੂਰਨਾਮੈਂਟ 'ਚ ਟਾਈਗਰ ਜੁਝਾਰ ਸਿੰਘ ਬਣੇ ਚੈਂਪੀਅਨ

ਜਿਊ ਜਿਤਸੂ ਖੇਡ ਲਈ ਪੰਜਾਬ ਤੇ ਦਿੱਲੀ 'ਚ ਦੋ ਟ੍ਰੇਨਿੰਗ ਸੈਂਟਰ ਖੋਲ੍ਹੇ ਜਾਣਗੇ: ਸੁਖਵਿੰਦਰ ਸਿੰਘ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 15 ਅਪ੍ਰੈਲ

ਦਿੱਲੀ ਦੇ ਤਾਲ ਕਟੋਰਾ ਇਨਡੋਰ ਸਟੇਡੀਅਮ ਵਿੱਚ ਓਪਨ ਇੰਡੀਆ ਇੰਟਰਨੈਸ਼ਨਲ ਜਿਊ ਜਿਤਸੂ ਟੂਰਨਾਮੈਂਟ ਬੀਤੇ ਦਿਨੀਂ ਕਰਵਾਇਆ ਗਿਆ, ਜਿਸ ਵਿੱਚ ਭਾਰਤ, ਅਮਰੀਕਾ, ਜਪਾਨ, ਬਰਾਜ਼ੀਲ, ਕੋਰੀਆ ,ਨੇਪਾਲ ਆਦਿ ਕਈ ਦੇਸਾਂ ਦੇ ਖਿਡਾਰੀਆਂ ਨੇ ਭਾਗ ਲਿਆ। ਇਸ ਇੰਟਰਨੈਸ਼ਨਲ ਟੂਰਨਾਮੈਂਟ ਵਿੱਚ ਖ਼ਾਲਸਾ ਬਾਕਸਿੰਗ ਅਕੈਡਮੀ ਦੇ ਜੁਝਾਰ ਟਾਈਗਰ ਸਿੰਘ ਨੇ ਤਿੰਨ ਮੈਡਲ ਜਿੱਤੇ, ਜਿਨ੍ਹਾਂ ਵਿੱਚ ਦੋ ਗੋਲਡ ਇੱਕ ਸਿਲਵਰ ਸ਼ਾਮਿਲ ਹੈ।ਜੁਝਾਰ ਸਿੰਘ ਟਾਈਗਰ ਬਾਰੇ ਇਹ ਦੱਸਣਾ ਬਣਦਾ ਹੈ ਕਿ ਉਹ ਦੇਸੀ ਦੰਗਲ, ਅਖਾੜਾ ਕੁਸ਼ਤੀ ਦੇ ਨਾਲ-ਨਾਲ ਇਕਲੌਤਾ ਸਾਬਤ ਸੂਰਤ ਸਿੱਖ ਹੈ ਜਿਹੜਾ ਐਮ.ਐਮ.ਏ ਵਿਸ਼ਵ ਚੈਂਪੀਅਨ ਬਣਿਆ ਹੈ।ਖ਼ਾਲਸਾ ਬਾਕਸਿੰਗ ਅਕੈਡਮੀ ਦੇ ਪ੍ਰੈਜ਼ੀਡੈਂਟ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਜਿਊ ਜਿਤਸੂ ਖੇਡ ਦੀ ਸ਼ੁਰੂਵਾਦ ਜਾਪਾਨ ਵਿੱਚ ਹੋਈ ਸੀ, ਲੇਕਿਨ ਅੱਜ ਯੂਰਪ ਦੇ ਕਈ ਦੇਸਾਂ ਵਿਚ ਹੁੰਦੀ ਹੋਈ ਬਰਾਜ਼ੀਲ ਦੀ ਮੁੱਖ ਖੇਡ ਬਣ ਗਈ ਇਸ ਨੂੰ ਬਰਜ਼ੀਲੀਅਨ ਜਿਊ ਜਿੱਤਸੂ ਵੀ ਕਿਹਾ ਜਾਂਦਾ ਇਹ ਖੇਡ ਅੱਜ ਕੱਲ ਅਮਰੀਕਾ ਵਿੱਚ ਬਹੁਤ ਹੀ ਹਰਮਨ ਪਿਆਰੀ ਖੇਡ ਬਣ ਗਈ ਹੈ। ਭਾਰਤ ਵਿੱਚ ਇਸ ਖੇਡ ਨੂੰ ਅਮਰੀਕਾ ਵਾਸੀ ਸ. ਗੁਰਵੰਤ ਸਿੰਘ ਲੈ ਕੇ ਆਏ ਹਨ ਜਿਹੜੇ ਪੰਜਾਬ ਦੇ ਬਟਾਲਾ ਸ਼ਹਿਰ ਤੋਂ ਹਨ। ਗੁਰਵੰਤ ਸਿੰਘ ਜਿਉਂ ਜਿਤਸੂ ਖੇਡ ਦੇ ਬਹੁਤ ਵਧੀਆ ਖਿਡਾਰੀ ਰਹੇ ਹਨ ਤੇ ਅੱਜ ਕੱਲ ਜਿਊ ਜੀਤਸੂ ਫੈਡਰੇਸ਼ਨ ਆਫ ਇੰਡੀਆ ਦੇ ਪ੍ਰੈਜ਼ੀਡੈਂਟ ਵੀ ਹਨ। ਜੁਝਾਰ ਸਿੰਘ ਦੀ ਅਗਵਾਈ ਹੇਠ ਪੰਜਾਬ ਦੇ ਛੇ ਖਿਡਾਰੀਆਂ ਨੇ ਇਸ ਟੂਰਨਾਮੈਂਟ ਵਿੱਚ ਪਹਿਲੀ ਵਾਰ ਭਾਗ ਲਿਆ ਤੇ ਮੈਡਲ ਵੀ ਜਿੱਤੇ ਜਿਨ੍ਹਾਂ ਵਿੱਚ ਮਹਿਕਪ੍ਰੀਤ ਕੌਰ ਨੇ ਇੱਕ ਗੋਲਡ ਤੇ ਇੱਕ ਸਿਲਵਰ, ਜਗਜੀਤ ਸਿੰਘ ਦਾ ਇੱਕ ਗੋਲਡ ਤੇ ਤਿੰਨ ਸਿਲਵਰ, ਜਗਰੂਪ ਸਿੰਘ ਜਿਊ ਜਿਤਸੂ ਖੇਡ ਵਿੱਚ ਮੈਡਲ ਨਹੀਂ ਜਿੱਤ ਸਕਿਆ ਪਰ ਉਹਦੀ ਪ੍ਰਫੋਰਮੈਂਸ ਨੇ ਦਰਸ਼ਕਾਂ ਦਾ ਦਿਲ ਜਰੂਰ ਜਿੱਤਿਆ।ਇੱਕ ਦਿਨ ਪਹਿਲਾਂ ਇਸੇ ਸਟੇਡੀਅਮ ਵਿੱਚ ਜਗਰੂਪ ਸਿੰਘ ਨੇ ਕਰਾਟੇ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲ ਜਿੱਤਿਆ ਸੀ।ਸ. ਸੁਖਵਿੰਦਰ ਸਿੰਘ ਨੇ ਕਿਹਾ ਕੇ ਬਰਾਜ਼ਿਲੀਅਨ ਜਿਊ ਜਿਤਸੂ ਖੇਡ ਭਾਰਤੀ ਦੇਸੀ ਕੁਸ਼ਤੀ ਨਾਲ ਕਾਫ਼ੀ ਮਿਲਦੀ ਜੁਲਦੀ ਹੈ, ਭਵਿੱਖ ਵਿੱਚ ਭਾਰਤੀ ਖ਼?ਡਾਰੀ ਅੰਤਰ ਰਾਸ਼ਟਰੀ ਪੱਧਰ ਦੇਸ਼ ਦਾ ਨਾਮ ਜਰੂਰ ਰੌਸ਼ਨ ਕਰਨਗੇ। ਭਾਰਤ ਵਿੱਚ ਜਿਊ ਜਿਤਸੂ ਖੇਡ ਦਾ ਭਵਿੱਖ ਬਹੁਤ ਵਧੀਆ ਹੈ।ਉਹਨਾਂ ਕਿਹਾ ਕਿ ਜਲਦ ਹੀ ਪੰਜਾਬ ਤੇ ਦਿੱਲੀ ਵਿਚ ਜਿਊ ਜਿਤਸੂ ਖੇਡ ਦੀ ਲਈ ਦੋ ਟ੍ਰੇਨਿੰਗ ਸੈਂਟਰ ਵੀ ਸ਼ੁਰੂ ਕੀਤੇ ਜਾਣਗੇ। ਸੀ.ਐਮ.ਪੀ.ਐਸ ਸਪੋਰਟਸ ਟਰੱਸਟ ਦੇ ਟਰੱਸਟੀ ਅਤੇ ਮੈਨੇਜਿੰਗ ਡਾਇਰੈਕਟਰ ਸ. ਸੁਖਵੰਤ ਸਿੰਘ ਗਿੱਲ, ਖ਼ਾਲਸਾ ਬਾਕਸਿੰਗ ਅਕੈਡਮੀ ਦੇ ਚੀਫ਼ ਪੈਟਰਨ ਤੇ ਕੋਚ ਕੈਪਟਨ ਐਮ.ਪੀ ਸਿੰਘ, ਖ਼ਾਲਸਾ ਬਾਕਸਿੰਗ ਅਕੈਡਮੀ ਦੇ ਪ੍ਰੈਜ਼ੀਡੈਂਟ ਸ. ਸੁਖਵਿੰਦਰ ਸਿੰਘ ਨੇ ਜੁਝਾਰ ਸਿੰਘ ਟਾਈਗਰ ਤੇ ਦੂਸਰੇ ਖਿਡਾਰੀਆਂ ਨੂੰ ਅੰਤਰ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਮੈਡਲ ਜਿੱਤਣ ਲਈ ਵਧਾਈ ਦਿੱਤੀ ਅਤੇ ਭਰੋਸਾ ਦਿਵਾਇਆ ਕਿ ਖ਼ਾਲਸਾ ਬਾਕਸਿੰਗ ਅਕੈਡਮੀ ਅੰਤਰ ਰਾਸ਼ਟਰੀ ਪੱਧਰ ਦੀ ਟਰੇਨਿੰਗ ਦਾ ਪ੍ਰਬੰਧ ਕਰੇਗੀ।

ਸ਼੍ਰੀ ਰਾਮ ਨੌਮੀ ਮੌਕੇ ਸ਼੍ਰੀ ਸੱਤਮ ਧਰਮ ਮਹਾਂਸਭਾ ਵੱਲੋਂ ਸ਼ੋਭਾ ਯਾਤਰਾ ਦਾ ਆਯੋਜਨ

ਆਜ਼ਾਦ ਸੋਚ
ਸੁਖਰਾਜ ਸਿੰਘ/ਨਵੀਂ ਦਿੱਲੀ, 15 ਅਪ੍ਰੈਲ

ਸ਼੍ਰੀ ਰਾਮ ਨੌਮੀ ਦੇ ਸ਼ੁਭ ਅਵਸਰ @ਤੇ ਸ਼੍ਰੀ ਸੱਤਮ ਧਰਮ ਮਹਾਂਸਭਾ ਵੱਲੋਂ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਬੀਤੇ ਦਿਨ ਹਰੀ ਓਮ ਮੱਦਿਰ ਵਿਖੇ ਕੀਤਾ ਗਿਆ।ਇਸ ਮੌਕੇ ਰਾਮ ਭਗਤਾਂ ਨੇ ਬੜੇ ਉਤਸਾਹ ਤੇ ਧੂਮ-ਧਾਮ ਨਾਲ ਆਪਣੇ ਪਰਿਵਾਰਾਂ ਸਮੇਤ ਇਹ ਸ਼ੋਭਾ ਯਾਤਰਾ ਵਿੱਚ ਸਾਮਲ ਹੋਏ ਅਤੇ ਆਪਣੀ ਹਾਜ਼ਰੀ ਲਗਵਾਈ।ਇਸ ਮੌਕੇ ਭਾਜਪਾ ਵਰਕਰ ਵੀ ਵੱਡੀ ਗਿਣਤੀ @ਚ ਮੌਜੂਦ ਸਨ,ਜਿਨ੍ਹਾਂ ਵਿੱਚ ਡਾ. ਗੁਰਮੀਤ ਸਿੱਘ ਸੂਰਾ ਨੇ ਵੀ ਆਪਣੀ ਟੀਮ ਨਾਲ ਹਾਜਰੀ ਲਗਵਾਈ, ਜਿੱਥੇ ਸੱਗਤਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਰਾਜੇਸ਼ ਗੌੜ ਦੇ ਨਾਲ, ਅਚਾਰੀਆ ਵਿਕਰਮਾਦਿਤਿਆ, ਸੱਦੀਪ ਕਪੂਰ, ਬਾਟਲਾ, ਮੀਨਾਕਸ਼ੀ ਖੱਨਾ, ਵਰਸ਼ਾ ਗੌੜ, ਨੀਰਾ ਧੀਰ, ਡਿੱਪਲ ਖੱਨਾ, ਗੇਰਾ, ਵਿਜੇ ਸ਼ਰਮਾ, ਰਜਤ ਅਰੋੜਾ, ਵਧਵਾ, ਯਸ਼ ਗੁਲਾਟੀ, ਪਾਰਸ ਕਪੂਰ, ਰੋਜ਼ੀ ਟੱਡਨ ਆਦਿ ਮੌਜੂਦ ਸਨ।

ਭਾਜਪਾ ਦਾ ਚੋਣ ਮਨੋਰਥ ਪੱਤਰ ਕੇਵਲ ਦਿਖਾਵਾ ਤੇ ਵੋਟਰਾਂ ਨੂੰ ਗੁੱਮਰਾਹ ਕਰਨ ਵਾਲਾ : ਮਾਨ

ਆਜ਼ਾਦ ਸੋਚ
ਸੁਖਰਾਜ ਸਿੰਘ
ਨਵੀਂ ਦਿੱਲੀ, 15 ਅਪ੍ਰੈਲ

ਜਦੋਂ ਤੋਂ ਭਾਰਤੀ ਜਨਤਾ ਪਾਰਟੀ ਦੀ ਸੈਂਟਰ ਵਿਚ ਪਹਿਲੀ ਸਰਕਾਰ ਬਣੀ ਹੈ, ਤਾਂ ਉਸ ਸਮੇਂ ਇੱਡੀਅਨ ਨਿਵਾਸੀਆ ਨਾਲ ਇਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਇਹ ਵਾਅਦਾ ਕੀਤਾ ਸੀ ਕਿ ਘਰ-ਘਰ ਨੌਕਰੀਆਂ ਦਿੱਤੀਆ ਜਾਣਗੀਆਂ, ਹਰੇਕ ਸਾਲ 2 ਕਰੋੜ ਨੌਕਰੀਆਂ ਦਾ ਪ੍ਰਬੱਧ ਕੀਤਾ ਜਾਵੇਗਾ। ਫਿਰ ਇਹ ਵੀ ਐਲਾਨ ਕੀਤਾ ਗਿਆ ਸੀ ਕਿ ਘੱਟ ਗਿਣਤੀ ਕੌਮਾਂ ਨੂੰ ਹਰ ਖੇਤਰ ਵਿਚ ਇਨਸਾਫ ਦਿੱਤਾ ਜਾਵੇਗਾ। ਇਨ੍ਹਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਤਾਲੀਮ ਅਤੇ ਸਿਹਤ ਸੱਬੱਧੀ ਸਹੂਲਤਾਂ ਪ੍ਰਦਾਨ ਕੀਤੀਆ ਜਾਣਗੀਆਂ ਅਤੇ ਇਥੋ ਹਰ ਤਰ੍ਹਾਂ ਦੀ ਰਿਸਵਤਖੋਰੀ, ਘਪਲੇ ਖਤਮ ਕੀਤੇ ਜਾਣਗੇ। ਬਾਹਰਲੇ ਸਵਿਸ ਮੁਲਕ ਦੇ ਬੈਂਕ ਵਿਚ ਪਿਆ ਕਾਲਾ ਧਨ ਵਾਪਸ ਲਿਆਕੇ ਹਰ ਨਾਗਰਿਕ ਦੇ ਖਾਤੇ ਵਿਚ ਪ੍ਰਤੀਸਤਾਂ ਅਨੁਸਾਰ ਜਮ੍ਹਾ ਕਰਵਾਏ ਜਾਣਗੇ, ਪਰ ਇਨ੍ਹਾਂ ਵਾਅਦਿਆ ਵਿਚੋਂ ਬੀਜੇਪੀ ਪਾਰਟੀ ਵੱਲੋ ਆਪਣੇ 10 ਸਾਲਾਂ ਦੇ ਰਾਜ ਭਾਗ ਦੇ ਸਮੇ ਵਿਚ ਕੋਈ ਪੂਰਤੀ ਨਹੀ ਕੀਤੀ ਗਈ। ਬਲਕਿ ਵੱਡੇ-ਵੱਡੇ ਦਾਅਵੇ ਤੇ ਐਲਾਨ ਕਰਕੇ ਅੱਜ ਵੀ ਚੋਣਾਂ ਦੇ ਮੌਕੇ ਆਪਣੇ ਬੋਗਸ ਚੋਣ ਮਨੋਰਥ ਪੱਤਰ ਰਾਹੀ ਇੱਡੀਅਨ ਨਿਵਾਸੀਆ ਵਿਸੇਸ ਤੌਰ ਤੇ ਗਰੀਬਾਂ, ਘੱਟ ਗਿਣਤੀ ਕੌਮਾਂ ਨੂੰ ਗੁੱਮਰਾਹ ਕਰਨ ਦੀ ਅਸਫਲ ਕੋਸਿਸ ਕੀਤੀ ਜਾ ਰਹੀ ਹੈ।ਇਹ ਵਿਚਾਰ ਸ. ਸਿਮਰਨਜੀਤ ਸਿੱਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੱਮ੍ਰਿਤਸਰ) ਨੇ ਬੀਜੇਪੀ ਵੱਲੋਂ ਇਕ ਵਾਰੀ ਫਿਰ ਮੁਲਕ ਨਿਵਾਸੀਆਂ, ਗਰੀਬਾਂ, ਘੱਟ ਗਿਣਤੀ ਕੌਮਾਂ ਨੂੰ ਵੱਡੇ ਦਾਅਵਿਆ ਤੇ ਛਲਾਵਿਆ ਰਾਹੀ ਆਪਣੇ ਚੋਣ ਮਨੋਰਥ ਪੱਤਰ ਵਿਚ ਗੁੱਮਰਾਹ ਕਰਨ ਦੀਆਂ ਕਾਰਵਾਈਆ ਦਾ ਸਖਤ ਨੋਟਿਸ ਲੈਂਦੇ ਹੋਏ ਅਤੇ ਇਥੇ ਵੱਸਣ ਵਾਲੇ ਮਜਲੂਮਾਂ, ਗਰੀਬਾਂ, ਘੱਟ ਗਿਣਤੀਆਂ ਦੇ ਨਿਰੱਤਰ ਹੱਕ-ਹਕੂਕਾ ਨੂੰ ਕੁੱਚਲਣ ਅਤੇ ਉਨ੍ਹਾਂ ਉਤੇ ਜ਼ਬਰ ਜੁਲਮ ਕਰਨ ਦੀਆਂ ਕਾਰਵਾਈਆ ਦੀ ਨਿਖੇਧੀ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਘੱਟ ਗਿਣਤੀ ਕੌਮਾਂ ਜੋ ਪਹਿਲੋ ਹੀ ਬਹੁਤ ਹੀ ਮੁਸਕਿਲ ਦੀ ਘੜੀ ਵਿਚ ਆਪਣੇ ਪਰਿਵਾਰਾਂ ਤੇ ਆਪਣਾ ਜੀਵਨ ਬਸਰ ਕਰ ਰਹੇ ਹਨ। ਉਨ੍ਹਾਂ ਦੇ ਰੋਜਾਨਾ ਰਸੋਈ ਵਿਚ ਵਰਤੋਂ ਆਉਣ ਵਾਲੀਆ ਵਸਤਾਂ ਦੀਆਂ ਕੀਮਤਾਂ ਅਤੇ ਉਨ੍ਹਾਂ ਉਤੇ ਪੈਣ ਵਾਲੇ ਮਾਲੀ ਬੋਝ ਨੂੰ ਘੱਟ ਕਰਨ ਲਈ ਅੱਜ ਤੱਕ ਕੁਝ ਨਹੀ ਕੀਤਾ ਗਿਆ ।ਲੱਮੇ ਸਮੇ ਤੋ ਇੱਡੀਅਨ ਏਜੱਸੀਆ ਰਾਹੀ ਮੁਸਲਮਾਨਾਂ ਤੇ ਸਿੱਖਾਂ ਨੂੰ ਇੱਡੀਆਂ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਮਰਵਾਇਆ ਜਾ ਰਿਹਾ ਹੈ । ਇਹ ਹੋਰ ਵੀ ਦੁੱਖ ਅਤੇ ਅਫਸੋਸ ਵਾਲੀ ਕਾਰਵਾਈ ਹੈ ਕਿ ਇੱਡੀਆਂ ਦੇ ਵਿਦੇਸ ਵਜੀਰ ਜੈਸੱਕਰ ਕਹਿ ਰਹੇ ਹਨ ਕਿ ਇਸੇ ਤਰ੍ਹਾਂ ਹੋਵੇਗਾ । ਜਦੋ ਮੌਜੂਦਾ ਬੀਜੇਪੀ-ਆਰ.ਐਸ.ਐਸ ਹਕੂਮਤ ਪਾਰਟੀ ਵੱਲੋ ਬੀਤੇ 10 ਸਾਲਾਂ ਦੇ ਰਾਜ ਭਾਗ ਵਿਚ, ਗਰੀਬਾਂ, ਮਜਲੂਮਾਂ, ਘੱਟ ਗਿਣਤੀ ਕੌਮਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਕੁਝ ਨਹੀ ਕੀਤਾ ਗਿਆ ।ਦਾਅਵੇ ਤੇ ਐਲਾਨ ਭਾਵੇ ਵੱਡੇ-ਵੱਡੇ ਕਰਦੇ ਆ ਰਹੇ ਹਨ, ਪਰ ਇਨ੍ਹਾਂ ਵਰਗਾਂ ਦੀ ਜਿੱਦਗੀ ਨੂੰ ਸਹੀ ਲੀਹ ਤੇ ਲਿਆਉਣ ਲਈ ਬੀਜੇਪੀ-ਆਰ.ਐਸ.ਐਸ ਹਕੂਮਤ ਵੱਲੋ ਕੁਝ ਨਹੀ ਹੋਇਆ । ਜੋ ਅੱਜ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਵਿਚ ਥੋਕ ਦੇ ਭਾਅ ਵਾਅਦੇ ਤੇ ਐਲਾਨ ਕੀਤੇ ਗਏ ਹਨ ਉਹ ਵੀ ਕੇਵਲ ਵੋਟਰਾਂ ਨੂੰ ਗੁੱਮਰਾਹ ਕਰਨ ਹਿੱਤ ਕੀਤੇ ਜਾ ਰਹੇ ਹਨ । ਇਸ ਲਈ ਬੀਜੇਪੀ-ਆਰ.ਐਸ.ਐਸ. ਦੀ ਮੌਜੂਦਾ ਹਕੂਮਤ ਇਥੋ ਦੇ ਨਿਵਾਸੀਆ ਨੂੰ ਸਹੀ ਰਾਜ ਪ੍ਰਬੱਧ ਦੇਣ ਵਿਚ ਅਸਫਲ ਸਾਬਤ ਹੋ ਚੁੱਕੀ ਹੈ।ਜੇਕਰ ਇਸ ਸਰਕਾਰ ਨੂੰ ਜਾਤਾਂ-ਪਾਤਾਂ, ਧਰਮ, ਕੌਮਾਂ ਦੇ ਬਿਨ੍ਹਾਂ ਤੇ ਨਫਰਤ ਪੈਦਾ ਕਰਕੇ ਘੱਟ ਗਿਣਤੀ ਤੇ ਬਹੁਗਿਣਤੀ ਵਿਚ ਪਾੜਾ ਖੜ੍ਹਾ ਕਰਨ ਵਾਲੀ ਅਤੇ ਆਪਣੇ ਸਵਾਰਥੀ ਤੇ ਮਾਲੀ ਮੁਫਾਦਾਂ ਦੀ ਪੂਰਤੀ ਕਰਨ ਵਾਲੀ ਸਰਕਾਰ ਕਰਾਰ ਦਿੱਤਾ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀ ਹੋਵੇਗੀ ।

5000 ਰੁਪਏ ਰਿਸ਼ਵਤ ਲੈਂਦਾ ਏ.ਐਸ.ਆਈ. ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਆਜ਼ਾਦ ਸੋਚ ਬਿਊਰੋ
ਚੰਡੀਗੜ੍ਹ, 15 ਅਪ੍ਰੈਲ

ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਅੱਜ ਥਾਣਾ ਅਜਨਾਲਾ, ਅੰਮ੍ਰਿਤਸਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਨਛੱਤਰ ਸਿੰਘ ਨੂੰ 5000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰ